MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM
SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 12 SATURDAY, 19 MARCH, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡਾ ਪੁੱਜਣ ਵਾਲੇ ਯਾਤਰੀਆਂ ਲਈ ਕੋਵਿਡ-19 ਟੈਸਟਿੰਗ ਦੀ ਸ਼ਰਤ ਪਹਿਲੀ ਅਪ੍ਰੈਲ ਤੋਂ ਖ਼ਤਮ ਕਰਨ ਦਾ ਐਲਾਨ

ਓਟਵਾ-ਫੈਡਰਲ ਸਰਕਾਰ ਮੁਕੰਮਲ ਟੀਕਾਕਰਣ ਵਾਲੇ ਯਾਤਰੀਆਂ ਲਈ ਕੈਨੇਡਾ ਸਰਹੱਦ 'ਤੇ ਪਹੁੰਚਣ ਤੋਂ ਪਹਿਲਾਂ ਕੋਵਿਡ-19 ਟੈਸਟਿੰਗ ਦੀ ਸ਼ਰਤ ਨੂੰ ਪਹਿਲੀ ਅਪ੍ਰੈਲ ਤੋਂ ਚੁੱਕ ਲਵੇਗੀ। ਯਾਤਰੀਆਂ ਦਾ ਅਜੇ ਵੀ ਏਅਰਪੋਰਟ 'ਤੇ ਅਟਕਲਪੱਚੂ ਜਿਹਾ ਪੀਸੀਆਰ ਟੈਸਟਿੰਗ ਕੀਤਾ ਜਾ ਸਕਦਾ ਹੈ ਅਤੇ ਯਾਤਰੀਆਂ ਨੂੰ ਅਜੇ ਵੀ ਆਪਣੇ ਟੀਕਾਕਰਣ ਦਾ ਸਬੂਤ ਤੇ ਦੂਸਰੀ ਲੋੜੀਂਦੀ ਜਾਣਕਾਰੀ ਅਰਾਈਵਕੈਨ ਐਪ 'ਤੇ ਦੇਣੀ ਪਵੇਗੀ। ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ, ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਤੇ ਸੈਰਸਪਾਟਾ ਮੰਤਰੀ ਰੈਂਡੀ ਬੋਇਸਨੌਲਟ ਵਲੋਂ ਟਰੈਵਲ ਪਾਬੰਦੀਆਂ ਵਿਚ ਨਰਮੀ ਦਾ ਵੀਰਵਾਰ ਐਲਾਨ ਕਰਨਗੇ। ਜਦੋਂ ਤਕ ਸਰਹੱਦੀ ਨਿਯਮ ਲਾਗੂ ਹਨ, ਮੁਕੰਮਲ ਟੀਕਾਕਰਣ ਵਾਲੇ ਯਾਤਰੀਆਂ ਨੂੰ ਨਿਰਧਾਰਤ ਉਡਾਨ 'ਤੇ ਚੜ੍ਹਨ ਜਾਂ ਜ਼ਮੀਨੀ ਸਰਹੱਦ ਪਾਰ ਕਰਨ ਤੋਂ ਪਹਿਲਾਂ ਸਿਹਤ ਪੇਸ਼ੇਵਰ ਵਲੋਂ ਸੰਚਾਲਤ ਨੈਗੇਟਿਵ ਰੈਪਿਡ ਐਂਟੀਜਨ ਟੈਸਟ ਦਾ ਸਬੂਤ ਪੇਸ਼ ਕਰਨਾ ਪੈਂਦਾ ਹੈ। ਇਹ ਨੀਤੀ ਫਰਵਰੀ ਦੇ ਅਖੀਰ ਤੋਂ ਲਾਗੂ ਹੈ ਜਦੋਂ ਸਰਕਾਰ ਨੇ ਸਾਰੇ ਯਾਤਰੀਆਂ ਦੇ ਪਹੁੰਚਣ ਤੋਂ 72 ਘੰਟੇ ਦੇ ਅੰਦਰ ਅੰਦਰ ਪੀਸੀਆਰ ਨੈਗੇਟਿਵ ਟੈਸਟ ਪੇਸ਼ ਕਰਨ ਦੀ ਸ਼ਰਤ ਨੂੰ ਨਰਮ ਕੀਤਾ ਸੀ। ਟੈਸਟਿੰਗ ਦੀ ਸ਼ਰਤ ਨੂੰ ਖਤਮ ਕਰਨਾ ਉਹ ਚੀਜ਼ ਹੈ ਜਿਸ ਦੇ ਟਰੈਵਲ ਤੇ ਸੈਰਸਪਾਟਾ ਸੰਗਠਨ ਅਤੇ ਸਰਹੱਦੀ ਕਸਬਿਆਂ ਦੇ ਮੇਅਰ ਖਤਮ ਕਰਨ ਦੀ ਮੰਗ ਕਰਦਿਆਂ ਦਲੀਲ ਦੇ ਰਹੇ ਹਨ ਕਿ ਇਸ ਲੋੜ ਨੂੰ ਵਿਗਿਆਨ ਨੇ ਜਾਇਜ਼ ਨਹੀਂ ਠਹਿਰਾਇਆ



ਅਤੇ ਇਸ ਨੇ ਯਾਤਰੀਆਂ 'ਤੇ ਬੇਲੋੜਾ ਵਿੱਤੀ ਬੋਝ ਪਾਇਆ ਹੈ। ਪਿਛਲੇ ਮਹੀਨੇ ਸਰਕਾਰ ਨੇ ਗੈਰਜ਼ਰੂਰੀ ਅੰਤਰਰਾਸ਼ਟਰੀ ਟਰੈਵਲ ਖਿਲਾਫ ਜਾਰੀ ਆਪਣੀ ਸਲਾਹ ਨੂੰ ਹਟਾ ਲਿਆ ਸੀ ਪਰ ਫੈਡਰਲ ਤੌਰ 'ਤੇ ਕੰਟਰੋਲ ਵਾਲੀ ਏਅਰ, ਰੇਲ ਤੇ ਸਮੁੰਦਰੀ ਆਵਾਜਾਈ 'ਤੇ ਸਵਾਰ ਹੋਣ ਲਈ ਮੁਕੰਮਲ ਟੀਕਾਕਰਣ ਦੀ ਸ਼ਰਤ ਲਾਗੂ ਰਹੇਗੀ।

## ਭਾਰਤ ਸਰਕਾਰ ਵਲੋਂ ਵੀਜ਼ਾ ਤੇ ਟਰੈਵਲ ਪਾਬੰਦੀਆਂ ਵਿਚ ਢਿੱਲ

ਨਵੀਂ ਦਿੱਲੀ-ਭਾਰਤ ਵਿਚ ਕੋਵਿਡ-19 ਸਥਿਤੀ ਵਿਚ ਸੁਧਾਰ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਭਾਰਤ ਲਈ ਵੀਜ਼ਾ ਤੇ ਟਰੈਵਲ ਪਾਬੰਦੀਆਂ ਨੂੰ ਹੋਰ ਨਰਮ ਕਰ ਦਿੱਤਾ ਹੈ। 10 ਸਾਲਾਂ ਦੇ ਸੈਲਾਨੀ ਵੀਜ਼ਾ ਤੋਂ ਬਿਨ੍ਹਾਂ ਮਾਰਚ 2020 ਤੋਂ ਪਹਿਲਾਂ ਜਾਰੀ ਕੀਤੇ ਸਾਰੇ ਯੋਗ ਰੈਗੂਲਰ (ਪੇਪਰ) ਸੈਲਾਨੀ ਵੀਜ਼ਾ ਤੁਰੰਤ ਪ੍ਰਭਾਵ ਨਾਲ ਬਹਾਲ ਹੋ ਗਏ ਹਨ। ਕੈਨੇਡੀਅਨ ਨਾਗਰਿਕ 10 ਸਾਲ ਦੇ ਸੈਲਾਨੀ ਵੀਜ਼ਾ ਤੋਂ ਬਿਨ੍ਹਾਂ ਤਾਜ਼ਾ ਰੈਗੂਲਰ ਸੈਲਾਨੀ ਵੀਜ਼ਾ ਲਈ ਯੋਗ ਹੋਣਗੇ। ਕੈਨੇਡੀਅਨ ਨਾਗਰਿਕਾਂ ਨੂੰ ਮਾਰਚ 2020 ਤੋਂ ਪਹਿਲਾਂ ਇਲੈਕਟ੍ਰਾਨਿਕ ਟਰੈਵਲ ਅਧਿਕਾਰ ਜਾਂ ਈ-ਵੀਜ਼ਾ ਮੁਅੱਤਲ ਰਹੇਗਾ। ਕੈਨੇਡੀਅਨ ਨਾਗਰਿਕ ਤਾਜ਼ਾ ਈ-ਵੀਜ਼ਾ ਜਾਰੀ ਕਰਨ ਲਈ ਯੋਗ ਨਹੀਂ। ਸੈਲਾਨੀ ਵੀਜ਼ਾ 'ਤੇ ਵਿਦੇਸ਼ੀ ਨਾਗਰਿਕਾਂ ਨੂੰ ਭਾਰਤ ਵਿਚ ਮਨੋਨੀਤ ਸੀ ਇਮੀਗ੍ਰੇਸ਼ਨ ਚੈੱਕ ਪੋਸਟਸ (ਆਈਸੀਪੀਐਸ) ਜਾਂ ਉਡਾਨਾਂ ਰਾਹੀਂ ਏਅਰਪੋਰਟ ਆਈਸੀਪੀਐਸ ਰਾਹੀਂ ਦਾਖਲ ਹਣ ਦੀ ਇਜਾਜ਼ਤ ਹੋਵੇਗੀ ਜਿਨ੍ਹਾਂ ਵਿਚ ਵੰਦੇ ਭਾਰਤ ਮਿਸ਼ਨ ਜਾਂ ਏਅਰ ਬੱਬਲ ਸਕੀਮ ਜਾਂ ਡੀਜੀਸੀਏ ਜਾਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ ਮਨਜ਼ੂਰੀ ਵਾਲੀ ਉਡਾਨਾਂ ਸ਼ਾਮਿਲ ਹਨ। ਕਿਸੇ ਵੀ ਵਿਦੇਸ਼ੀ ਨਾਗਰਿਕ ਨੂੰ ਜ਼ਮੀਨੀ ਰਸਤੇ ਜਾਂ ਪਾਣੀ ਵਾਲੇ ਰਸਤੇ ਰਾਹੀਂ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵੀਜ਼ਾ ਅਰਜ਼ੀ ਆਨਲਾਈਨ ਭਰੀ ਜਾ ਸਕਦੀ ਹੈ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
Info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL.: 10 ISSUE: 12 SATURDAY, 19 MARCH, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ 'ਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਮੁਹਿੰਮ ਦਾ ਐਲਾਨ

## 23 ਮਾਰਚ ਨੂੰ ਹੋਵੇਗਾ ਹੈਲਪ ਲਾਈਨ ਨੰਬਰ ਜਾਰੀ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੇ ਹੀ ਦਿਨ ਸੂਬੇ 'ਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵੱਡਾ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਦਿੱਲੀ ਦੀ ਤਰਜ਼ 'ਤੇ ਪੰਜਾਬ ਵਿੱਚ ਵੀ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ ਜਾਰੀ ਕੀਤਾ ਜਾਵੇਗਾ ਜਿਸ 'ਤੇ ਲੋਕ ਰਿਸ਼ਵਤ ਮੰਗਣ ਵਾਲੇ ਅਧਿਕਾਰੀਆਂ ਦੀ ਆਡੀਓ ਜਾਂ ਵੀਡੀਓ ਭੇਜ ਸਕਣਗੇ। ਉਸ ਦੀ ਜਾਂਚ ਮਗਰੋਂ ਬਣਦੀ ਕਾਰਵਾਈ ਕੀਤੀ ਜਾਵੇਗੀ। ਇਹ ਹੈਲਪਲਾਈਨ ਨੰਬਰ ਮੁੱਖ ਮੰਤਰੀ ਦਾ ਨਿੱਜੀ ਨੰਬਰ ਹੋਵੇਗਾ, ਜਿਸ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ 23 ਮਾਰਚ ਨੂੰ ਜਾਰੀ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੋਟਾਂ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ ਅਤੇ ਹੁਣ ਸੂਬੇ ਨੂੰ ਸੰਵਾਰਨ ਦੀ ਜ਼ਿੰਮੇਵਾਰੀ ਆਮ ਆਦਮੀ ਪਾਰਟੀ (ਆਪ) ਦੀ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਹਰ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਜਿਸ ਨੇ ਲੋਕਾਂ ਦਾ ਜਿਊਣਾ ਦੁੱਭਰ ਕਰ ਰੱਖਿਆ ਹੈ। ਸਮਾਜ ਵਿੱਚ ਪੱਸਰੇ ਭ੍ਰਿਸ਼ਟਾਚਾਰ ਦਾ ਖਾਤਮਾ ਜ਼ਰੂਰੀ ਹੈ। ਪੰਜਾਬ ਦੇ ਲੋਕਾਂ ਦੇ ਸਹਿਯੋਗ ਨਾਲ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ 99 ਫ਼ੀਸਦੀ ਅਧਿਕਾਰੀ ਇਮਾਨਦਾਰ ਹਨ ਜਦਕਿ ਇਕ ਫ਼ੀਸਦੀ ਅਧਿਕਾਰੀ ਹੀ ਬੇਈਮਾਨ ਹਨ। ਇਕ ਫ਼ੀਸਦੀ ਭ੍ਰਿਸ਼ਟ ਅਧਿਕਾਰੀਆਂ ਕਰਕੇ 99 ਫ਼ੀਸਦ ਇਮਾਨਦਾਰ ਅਧਿਕਾਰੀਆਂ



ਨੂੰ ਬਦਨਾਮ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ, 'ਮੈਂ ਇਮਾਨਦਾਰ ਅਧਿਕਾਰੀਆਂ ਦੇ ਨਾਲ ਖੜ੍ਹਾ ਹਾਂ।'

### ਪੁਲਿਸ ਹਫਤਾ ਵੀ ਬੰਦ ਹੋਵੇਗਾ

ਮੁੱਖ ਮੰਤਰੀ ਨੇ ਕਿਹਾ ਕਿ ਪੁਲੀਸ ਪ੍ਰਸ਼ਾਸਨ ਨੂੰ ਵੀ ਪੁਰਾਣੀਆਂ ਸਰਕਾਰਾਂ ਨੇ ਪੈਸੇ ਕਮਾਉਣ ਦਾ ਜ਼ਰੀਆ ਬਣਾ ਰੱਖਿਆ ਸੀ ਪਰ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦਾ ਕੋਈ ਵੀ ਆਗੂ ਪੁਲੀਸ ਵਾਲਿਆਂ ਨੂੰ ਪੈਸਿਆਂ ਲਈ ਫੋਨ ਨਹੀਂ ਕਰੇਗਾ ਅਤੇ ਨਾ ਹੀ ਤਬਾਦਲੇ ਲਈ ਤੰਗ ਪ੍ਰੇਸ਼ਾਨ ਕਰੇਗਾ। ਹੁਣ ਹਫ਼ਤਾ ਵਸੂਲੀ ਲਈ ਕੋਈ ਵੀ ਆਗੂ ਅਧਿਕਾਰੀਆਂ ਨੂੰ ਪ੍ਰੇਸ਼ਾਨ ਨਹੀਂ ਕਰੇਗਾ ਅਤੇ ਲੋਕਾਂ ਦੇ ਕੰਮ ਇਮਾਨਦਾਰੀ ਨਾਲ ਹੋਣਗੇ। ਉਨ੍ਹਾਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਦੇ ਲੋਕਾਂ ਨਾਲ ਮਿਲ ਕੇ ਅਜਿਹਾ ਪ੍ਰਬੰਧ ਬਣਾਇਆ ਜਾ ਸਕੇ, ਜਿੱਥੇ ਲੋਕਾਂ ਦੇ ਕੰਮ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਹੋ ਸਕਣ। ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਦਿੱਲੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਦੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ 49 ਦਿਨਾਂ ਦੀ ਸਰਕਾਰ ਬਣੀ ਸੀ ਤਾਂ ਅਰਵਿੰਦ ਕੇਜਰੀਵਾਲ ਨੇ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ ਜਾਰੀ ਕੀਤਾ ਸੀ। ਉਸ ਦੇ ਨਤੀਜੇ ਵਜੋਂ ਅੱਜ ਦਿੱਲੀ ਵਿੱਚ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪ੍ਰੀਮੀਅਰ ਫੋਰਡ ਅਜੇ ਵੀ ਕੁਝ ਦਿਨ ਮਾਸਕ ਪਹਿਨਕੇ ਰੱਖਣਗੇ

ਟੋਰਾਂਟੋ-ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਕਿ ਉਹ ਸੋਮਵਾਰ ਆਦੇਸ਼ ਵਾਪਸ ਲੈਣ ਪਿੱਛੋਂ ਉਹ ਲੈਜਿਸਲੇਚਰ ਵਿਚ ਪਹਿਲੇ ਕੁਝ ਦਿਨ ਆਪਣਾ ਮਾਸਕ ਪਹਿਨ ਕੇ ਰੱਖਣਗੇ। ਸੂਬੇ ਨੇ ਐਲਾਨ ਕੀਤਾ ਕਿ ਸਕੂਲਾਂ ਸਮੇਤ ਬਹੁਤੀਆਂ ਜਨਤਕ ਥਾਵਾਂ ਤੋਂ ਮਾਸਕ ਸਬੰਧੀ ਆਦੇਸ਼ਾਂ ਨੂੰ 21 ਮਾਰਚ ਤੋਂ ਚੁੱਕ ਲਿਆ ਜਾਵੇਗਾ ਪਰ ਉਹ ਲਾਂਗ-ਟਰਮ ਕੇਅਰ ਅਤੇ ਪਬਲਿਕ ਟਰਾਂਜ਼ਿਟ ਵਰਗੀਆਂ ਥਾਵਾਂ 'ਤੇ ਲਗਪਗ ਇਕ ਮਹੀਨੇ ਤਕ ਲਾਗੂ ਰਹਿਣਗੇ। ਸਰਕਾਰੀ ਸਦਨ ਦੇ ਨੇਤਾ ਪੌਲ ਕੈਲਨਦਰਾ 21 ਮਾਰਚ ਤੋਂ ਲੈਜਿਸਲੇਚਰ ਚੈਂਬਰ ਅਤੇ ਇਸ ਦੀਆਂ ਕਮੇਟੀਆਂ ਵਿਚ ਮਾਸਕ ਦੀ ਸ਼ਰਤ ਨੂੰ ਖਤਮ ਕਰ ਰਹੇ ਹਨ ਅਤੇ ਸਪੀਕਰ ਨੇ ਕਿਹਾ ਕਿ ਉਸ ਦਿਨ ਸਮੁੱਚੇ ਵਿਧਾਨਕ ਖੇਤਰ ਵਿਚੋਂ ਸ਼ਰਤਾਂ ਹਟਾ ਲਈਆਂ ਜਾਣਗੀਆਂ। ਫੋਰਡ ਦਾ ਕਹਿਣਾ ਕਿ ਆਦੇਸ਼ਾਂ ਨੂੰ ਚੁੱਕਿਆ ਜਾ ਰਿਹਾ ਹੈ ਅਤੇ ਜੇਕਰ ਲੋਕ ਮਾਸਕ ਪਹਿਨਣਾ ਚਾਹੁੰਦੇ ਹਨ ਤਾਂ ਪ੍ਰਮਾਤਮਾ ਉਨ੍ਹਾਂ ਨੂੰ ਅਸ਼ੀਰਵਾਦ ਦੇਵੇ ਪਰ ਜੇਕਰ ਉਹ ਨਹੀਂ ਚਾਹੁੰਦੇ ਤਾਂ ਵੀ ਵਧੀਆ ਹੈ। ਫੋਰਡ ਨੇ ਕਿਹਾ ਕਿ ਉਹ ਹਮੇਸ਼ਾ ਸਾਵਧਾਨੀ ਵਾਲੇ ਪੱਖ ਤੋਂ ਗਲਤੀ ਕਰਦਾ ਹੈ ਇਸ ਲਈ ਉਹ ਜਦੋਂ ਇਕ ਹਫ਼ਤੇ ਦੀ ਛੁੱਟੀ ਪਿੱਛੋਂ ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਵੇਗੀ ਤਾਂ ਉਹ ਪਹਿਲੇ ਕੁਝ ਦਿਨ ਲੈਜਿਸਲੇਚਰ ਵਿਚ ਮਾਸਕ ਪਹਿਨ ਕੇ ਆਵੇਗਾ। ਕਈ ਸਕੂਲ ਬੋਰਡਾਂ ਨੇ ਕਿਹਾ ਕਿ ਮਾਰਚ ਦੀ ਛੁੱਟੀ ਪਿੱਛੋਂ ਕੁਝ ਹਫ਼ਤਿਆਂ ਤਕ ਮਾਸਕ ਪਹਿਨਣ ਦੇ ਆਦੇਸ਼ ਲਾਗੂ ਰੱਖੇ ਜਾਣ ਪਰ ਫੋਰਡ ਨੇ ਕਿਹਾ ਕਿ ਨਹੀਂ। ਬਹੁਤ ਸਾਰੀਆਂ ਪੋਸਟ ਸੈਕੰਡਰੀ ਸੰਸਥਾਵਾਂ ਨੇ ਕਿਹਾ ਕਿ ਉਹ ਮਾਸਕ ਆਦੇਸ਼ਾਂ ਨੂੰ ਮਿਆਦ ਖਤਮ ਹੋਣ ਤਕ ਲਾਗੂ ਰੱਖਣਗੇ ਅਤੇ ਜਦੋਂ ਇਹ ਪੁੱਛਿਆ ਗਿਆ ਕਿ ਉਹ ਕਿਉਂ ਜਾਰੀ ਰੱਖ ਸਕਦੇ ਹਨ ਤੇ ਸਰਕਾਰੀ ਸਕੂਲ ਕਿਉਂ ਨਹੀਂ ਤਾਂ ਕਾਲਜਾਂ ਤੇ ਯੂਨੀਵਰਸਿਟੀਆਂ ਬਾਰੇ ਮੰਤਰੀ ਜਿਲ ਡਨਲਪ ਨੇ ਕਿਹਾ ਕਿ ਪੋਸਟ ਸੈਕੰਡਰੀ ਸੰਸਥਾਵਾਂ ਖੁਦਮੁਖਤਿਆਰ ਕਾਨੂੰਨੀ ਸੰਸਥਾਵਾਂ ਹਨ।




INDIAN PAN CARD CONSULTANCY SERVICES
Get Digital E-pan Card
With In 5-7 Business Days
After Submission The Application Form
CALL & BOOK YOUR APPOINTMENT
HOME VISIT SERVICE AVAILABLE
(SOME CONDITION APPLY)
Call: 416-996-1341

- Need An Indian Pan Card Delivered At Your Door In Canada.
- Need Correction / Update in PAN CARD
- Need Lost / Damage PAN CARD
- Need Consultancy On 15 CB/15 CA For Repatriation.
- Need Consultancy On TDS Refund.
- Taxation and Income tax return filing or RBI approval for repatriation.

Call: 416-996-1341


# ਰੂਸ ਵਲੋਂ ਟਰੂਡੋ, ਜੌਲੀ ਤੇ ਆਨੰਦ ਸਮੇਤ ਸੈਂਕੜੇ ਕੈਨੇਡੀਅਨਾਂ 'ਤੇ ਪਾਬੰਦੀ

ਓਟਵਾ-ਜਿਸ ਤਰ੍ਹਾਂ ਕੈਨੇਡਾ ਨੇ ਰੂਸ ਦੇ ਖਿਲਾਫ ਤਾਜ਼ਾ ਪਾਬੰਦੀਆਂ ਲਗਾਈਆਂ ਹਨ ਉਸੇ ਤਰ੍ਹਾਂ ਯੂਕਰੇਨ ਦੀ ਮਦਦ ਲਈ ਰੂਸ ਵੀ ਜਵਾਬੀ ਕਾਰਵਾਈ ਕਰਦੇ ਹੋਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਅਤੇ ਰੱਖਿਆ ਮੰਤਰੀ ਅਨੀਤਾ ਅਨੰਦ ਸਮੇਤ ਸੈਂਕੜੇ ਕੈਨੇਡੀਅਨਾਂ 'ਤੇ ਪਾਬੰਦੀਆਂ ਲਗਾ ਰਿਹਾ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ 'ਤੇ ਪਾਏ ਇਕ ਬਿਆਨ ਮੁਤਾਬਿਕ ਬਹੁਤ ਸਾਰੇ ਪਾਰਲੀਮੈਂਟ ਮੈਂਬਰ ਅਤੇ ਵੱਖ ਵੱਖ ਸੰਗਠਨਾਂ ਵਿਚ ਲੀਡਰਸ਼ਿਪ ਦੇ ਅਹੁਦਿਆਂ 'ਤੇ ਬੈਠੇ ਕੈਨੇਡੀਅਨ ਹੁਣ ਵਿਦੇਸ਼ੀਆਂ ਦੀ ਸਟੌਪ ਲਿਸਟ ਜਾਂ ਕਾਲੀ ਸੂਚੀ ਵਿਚ ਹਨ ਜਿਨ੍ਹਾਂ ਨੂੰ ਰੂਸੀ ਫੈਡਰੇਸ਼ਨ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਵਿਦੇਸ਼ ਮੰਤਰਾਲੇ ਮੁਤਾਬਿਕ ਇਹ ਕਦਮ ਕੈਨੇਡਾ ਵਲੋਂ ਰੂਸ ਖਿਲਾਫ ਜਾਰੀ ਪਾਬੰਦੀਆਂ ਕਾਰਨ ਚੁੱਕਿਆ ਹੈ ਜਿਸ ਨੇ ਕਿਹਾ ਕਿ ਉਹ ਚੋਟੀ ਦੇ ਅਧਿਕਾਰੀਆਂ, ਸੰਸਦ ਮੈਂਬਰਾਂ ਅਤੇ ਕੈਨੇਡਾ ਵਿਚ ਰੂਸ ਵਿਰੋਧੀ ਹਸਤੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਬਿਆਨ ਵਿਚ ਕਿਹਾ ਕਿ ਇਹ ਕਦਮ ਕੈਨੇਡਾ ਦੇ ਮੌਜੂਦਾ ਸ਼ਾਸਨ ਦੀ ਘਿਨਾਉਣੀ ਦੁਸ਼ਮਣੀ ਦੇ ਜਵਾਬ ਵਿਚ ਚੁੱਕਣ ਲਈ ਮਜ਼ਬੂਰ ਹੋਣਾ ਪਿਆ ਹੈ ਜਿਸ ਨੇ ਲੰਬੇ ਸਮੇਂ ਤਕ ਸਾਡੇ ਸਬਰ ਦਾ ਇਮਤਿਹਾਨ ਲਿਆ ਹੈ। ਇਸ ਕਦਮ 'ਤੇ ਪ੍ਰਤੀਕਿਰਿਆ ਦਿੰਦਿਆਂ ਟਰੂਡੋ ਦੇ ਦਫ਼ਤਰੇ ਨੇ ਕਿਹਾ ਕਿ ਕੈਨੇਡਾ ਰੂਸ ਤੋਂ ਇਕੋ ਇਕ ਜਵਾਬ ਵਿਚ ਦਿਲਚਸਪੀ ਰੱਖਦਾ ਹੈ ਉਹ ਹੈ ਗੈਰਕਾਨੂੰਨੀ ਤੇ ਬੇਲੋੜੀ ਜੰਗ ਦਾ ਤੁਰੰਤ ਖਾਤਮਾ।



ਦਫ਼ਤਰ ਨੇ ਕਿਹਾ ਕਿ ਜੰਗ ਖਤਮ ਹੋਣ ਤਕ ਕੈਨੇਡਾ ਤੇ ਸਾਡੇ ਭਾਈਵਾਲਾ ਪੁਤਿਨ ਤੇ ਅਤੇ ਉਸ ਦੇ ਸਾਥੀਆਂ 'ਤੇ ਪਾਬੰਦੀਆਂ ਲਗਾਉਣੀਆਂ ਜਾਰੀ ਰੱਖਣਗੇ। ਰੂਸੀ ਵਿਦੇਸ਼ ਮੰਤਰਾਲੇ ਨੇ ਕੁਲ 313 ਕੈਨੇਡੀਅਨਾਂ ਦੇ ਨਾਵਾਂ ਨੂੰ ਸੂਚੀ ਵਿਚ ਰੱਖਿਆ ਹੈ ਜਿਸ ਵਿਚ ਚੀਫ਼ ਆਫ ਡਿਫੈਂਸ ਸਟਾਫ ਜਨਰਲ ਵੇਨ ਆਇਰ ਤੇ ਮੁੱਠੀ ਭਰ ਦੂਸਰੇ ਫੈਡਰਲ ਕੈਬਨਿਟ ਮੰਤਰੀ ਹਨ।


MORTGAGE
If you are paying more than
1.75%*
5 YEARS VARIABLE RATE
*Conditions Apply. Rates subject to change without notice. It is for the Principal house.
Call us NOW to Lower your Rate!
GET CASH BACK UP TO $3000*
RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca



JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available


# ਬੈਂਕ ਡਕੈਤੀ ਦੇ ਸ਼ੱਕੀਆਂ ਦੀ ਪਛਾਣ ਲਈ ਪੁਲਿਸ ਵਲੋਂ ਜਨਤਾ ਨੂੰ ਮਦਦ ਕਰਨ ਦੀ ਅਪੀਲ

ਸਰੀ-ਸਰੀ ਆਰਸੀਐਮਪੀ ਡਕੈਤੀ ਦੇ ਦੋ ਸ਼ੱਕੀਆਂ ਪਛਾਣ ਲਈ ਜਨਤਾ ਨੂੰ ਮਦਦ ਕਰਨ ਲਈ ਕਹਿ ਰਹੀ ਹੈ। ਕੰਸਟੇਬਲ ਗੁਰਵਿੰਦਰ ਘੱਗ ਵਲੋਂ ਜਾਰੀ ਰਿਲੀਜ਼ ਮੁਤਾਬਿਕ 9 ਮਾਰਚ ਨੂੰ ਸ਼ਾਮ 4.38 ਵਜੇ ਪੁਲਿਸ ਨੂੰ ਫਲੀਟਵੁੱਡ ਵਿਚ ਫਰੇਜ਼ਰ ਹਾਈਵੇ ਦੇ 15900 ਬਲੌਕ ਵਿਚ ਇਕ ਬੈਂਕ ਵਿਚ ਡਕੈਤੀ ਦੀ ਰਿਪੋਰਟ ਮਿਲੀ। ਘੱਗ ਨੇ ਕਿਹਾ ਕਿ ਇਹ ਸੂਚਨਾ ਦਿੱਤੀ ਗਈ ਦੋ ਵਿਅਕਤੀਆਂ ਨੇ ਇਕ ਸ਼ੱਕੀ ਅਗਨੀ ਸ਼ਾਸਤਰ ਨਾਲ ਬੈਂਕ ਸਟਾਫ ਨੂੰ ਧਮਕਾਇਆ ਤੇ ਪੈਸਿਆਂ ਦੀ ਮੰਗ ਕੀਤੀ। ਪੁਲਿਸ ਕੁਝ ਮਿੰਟਾਂ ਵਿਚ ਮੌਕੇ 'ਤੇ ਪਹੁੰਚ ਗਈ ਪਰ ਦੋਵੇਂ ਸ਼ੱਕੀ ਕਾਫੀ ਨਕਦੀ ਲੈ ਕੇ ਇਲਾਕੇ ਵਿਚੋਂ ਫਰਾਰ ਹੋ ਗਏ। ਇਸ ਘਟਨਾ ਵਿਚ ਕਿਸੇ ਨੂੰ ਕੋਈ ਸਰੀਰਕ ਨੁਕਸਾਨ ਨਹੀਂ ਪੁੱਜਾ।

# ਔਰਤ ਉਪਰ ਪੁਲਿਸ ਸਰਵਿਸ ਅਫਸਰ 'ਤੇ ਹਮਲਾ ਕਰਨ ਦਾ ਦੋਸ਼ ਆਇਦ

ਸਰੀ-ਇਕ 27 ਸਾਲਾ ਔਰਤ ਕਿੰਬਰਲੀ ਮੇਨਡੋਜ਼ਾ ਰੌਡਰਿਗਜ਼ 'ਤੇ ਵੀਲ੍ਹੀ ਵਿਚ 9 ਮਾਰਚ ਨੂੰ ਸਰੀ ਪੁਲਿਸ ਸਰਵਿਸ ਦੇ ਅਫਸਰ 'ਤੇ ਚਾਕੂ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਰੌਡਰਿਗਜ਼ ਦੀ ਜ਼ਮਾਨਤ ਅਰਜ਼ੀ 'ਤੇ ਸ਼ੁੱਕਰਵਾਰ ਸੁਣਵਾਈ ਹੋਈ ਅਤੇ ਉਸ ਨੂੰ ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਕੰਸਟੇਬਲ ਸਰਬਜੀਤ ਕੌਰ ਸੰਘਾ ਦੱਸਿਆ ਕਿ 99ਏ ਐਵੀਨਿਊ ਦੇ 12300 ਬਲੌਕ ਵਿਚ ਔਰਤ ਨੂੰ ਗ੍ਰਿਫ਼ਤਾਰ ਕਰਨ ਦੌਰਾਨ ਅਫਸਰ ਜ਼ਖ਼ਮੀ ਹੋਇਆ ਸੀ ਅਤੇ ਘਰ ਰਹਿ ਕੇ ਸਿਹਤਯਾਬ ਹੋ ਰਿਹਾ ਹੈ। ਹਮਲਾ ਸ਼ਾਮ 6 ਵਜੇ ਉਸ ਸਮੇਂ ਹੋਇਆ ਜਦੋਂ ਇਹ ਰਿਪੋਰਟ ਮਿਲਣ ਪਿੱਛੋਂ ਸਰੀ ਆਰਸੀਐਮਪੀ ਤੇ ਸਰੀ ਪੁਲਿਸ ਸਰਵਿਸ ਦੇ ਅਧਿਕਾਰੀ ਮੌਕੇ 'ਤੇ ਪੁੱਜੇ ਕਿ ਇਕ ਔਰਤ ਚਿਲਾਉਂਦੀ ਹੋਈ ਇਕ ਘਰ ਦੇ ਆਲੇ ਦੁਆਲੇ ਚੀਜ਼ਾਂ ਸੁੱਟ ਰਹੀ ਹੈ। ਜਾਂਚ ਦੌਰਾਨ ਔਰਤ ਨੇ ਪੁਲਿਸ ਅਫਸਰਾਂ ਕੋਲੋਂ ਦੌੜਨ ਦੀ ਕੋਸ਼ਿਸ਼ ਕੀਤੀ। ਉਸ ਦਾ ਥੋੜੀ ਦੂਰ ਤਕ ਪਿੱਛਾ ਕੀਤਾ ਅਤੇ ਜਦੋਂ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨੇ ਪੁਲਿਸ ਅਫਸਰ ਦੇ ਚਾਕੂ ਮਾਰ ਦਿੱਤਾ।

# ਬੀਸੀ ਘੜੀਆਂ ਵਿਚ ਤਬਦੀਲੀ ਰੋਕਣ ਲਈ ਤਿਆਰ-ਹੌਰਗਨ




ਵਿਕਟੋਰੀਆ-ਬੀਸੀ ਦੀ ਡੇਅਲਾਈਟ ਸਮੇਂ ਨੂੰ ਸਥਾਈ ਰੂਪ ਵਿਚ ਰੱਖਣ ਦੀ ਯੋਜਨਾ ਨੂੰ ਹੋਰ ਬਲ ਮਿਲਿਆ ਜਦੋਂ ਅਮਰੀਕੀ ਸੈਨੇਟ ਨੇ 2023 ਵਿਚ ਦੇਸ਼ ਵਿਚ ਡੇਅਲਾਈਟ ਸਮੇਂ ਨੂੰ ਸਥਾਈ ਰੂਪ ਵਿਚ ਰੱਖਣ ਲਈ ਸਰਬਸੰਮਤੀ ਨਾਲ ਵੋਟ ਦਿੱਤੀ। ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਸੂਬੇ ਲਈ ਉਪਾਅ ਦੀ ਵਕਾਲਤ ਕੀਤੀ ਹੈ ਪਰ ਕਿਹਾ ਕਿ ਸਾਨੂੰ ਇਸ 'ਤੇ ਅਮਲ ਕਰਨ ਲਈ ਵਾਸ਼ਿੰਗਟਨ ਸਟੇਟ, ਓਰੇਗਨ ਅਤੇ ਕੈਲੀਫੋਰਨੀਆ ਦੇ ਆਰਥਿਕ ਕਾਰਨਾਂ ਦਾ ਇੰਤਜ਼ਾਰ ਕਰਨਾ ਪਵੇਗਾ। ਅਮਰੀਕਾ ਦੇ ਇਨ੍ਹਾਂ ਰਾਜਾਂ ਨੂੰ ਇਸ ਕਦਮ ਲਈ ਫੈਡਰਲ ਪ੍ਰਵਾਨਗੀ ਦੀ ਲੋੜ ਹੈ। ਹੌਰਗਨ ਨੇ ਟਵਿੱਟਰ 'ਤੇ ਲਿਖਿਆ ਕਿ ਉਹ ਸਮਾਂ ਤਬਦੀਲੀ ਖਤਮ ਕਰਨ ਵਿਚ ਪ੍ਰਗਤੀ ਦੇਖ ਕੇ ਖੁਸ਼ ਹਨ ਅਤੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਾਸੀ ਉਨ੍ਹਾਂ ਨੂੰ ਖਤਮ ਕਰਨ ਲਈ ਤਿਆਰ ਹਨ। ਬੀਸੀ ਦੇ ਪਰਿਵਾਰਾਂ ਨੂੰ ਹਾਲ ਹੀ ਵਿਚ ਘੜੀਆਂ ਦਾ ਸਮਾਂ ਬਦਲਣ ਲਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਅਮਰੀਕੀ ਸੈਨੇਟ ਦਾ ਬਿੱਲ ਸਾਡੇ ਸੂਬੇ ਵਿਚ ਸਮੇਂ ਦੀ ਤਬਦੀਲੀ ਨੂੰ ਖਤਮ ਕਰਨ ਲਈ ਸਾਨੂੰ ਇਕ ਕਦਮ ਅੱਗੇ ਲੈ ਕੇ ਗਿਆ ਹੈ। ਬ੍ਰਿਟਿਸ਼ ਕੋਲੰਬੀਆਂ ਵਾਸੀ ਉੱਚੀ ਤੇ ਸਪਸ਼ਟ ਆਵਾਜ਼ ਵਿਚ ਕਹਿੰਦੇ ਹਨ ਕਿ ਉਹ ਪਤਝੜ ਵਿਚ ਪਿੱਛੇ ਜਾਣ ਤੇ ਬਸੰਤ ਵਿਚ ਅੱਗੇ ਵਧਣ ਨੂੰ ਬੰਦ ਕਰਨਾ ਚਾਹੁੰਦੇ ਹਾਂ ਅਤੇ 93 ਫ਼ੀਸਦੀ ਨੇ ਇਸ ਦੇ ਸਮਰਥਨ ਦਾ ਸੰਕੇਤ ਦਿੱਤਾ ਹੈ।

# ਵਪਾਰ ਗੱਲਬਾਤ ਮੁੜ ਸ਼ੁਰੂ ਕਰਨ ਲਈ ਕੈਨੇਡਾ ਅਤੇ ਭਾਰਤ ਸਹਿਮਤ

ਓਟਵਾ-ਕੈਨੇਡਾ ਤੇ ਭਾਰਤ ਵਪਾਰ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਹੋ ਗਏ ਹਨ। ਵਪਾਰ ਮੰਤਰੀ ਮੈਰੀ ਐਨਜੀ ਭਾਰਤ ਦੇ ਦੋ ਦਿਨਾਂ ਦੌਰੇ ਨਾਲ ਕੈਨੇਡਾ ਤੇ ਵਿਸ਼ਵ ਦੀ ਛੇਵੀਂ ਸਭ ਤੋਂ ਵੱਡੀ



ਅਰਥ ਵਿਵਸਥਾ ਵਿਚਕਾਰ ਵਪਾਰ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤੀ ਬਣ ਗਈ ਹੈ। ਉਹ 10 ਮਾਰਚ ਨੂੰ ਭਾਰਤ ਦੇ ਦੌਰੇ 'ਤੇ ਆਈ ਸੀ। ਕੈਨੇਡਾ ਤੇ ਭਾਰਤ ਨੂੰ ਅਕਸਰ ਕੁਦਰਤੀ ਵਪਾਰਕ ਭਾਈਵਾਲਾ ਆਖਿਆ ਜਾਂਦਾ ਹੈ ਪਰ ਇਹ ਭਾਈਵਾਲੀ ਕਾਗਜ਼ਾਂ 'ਤੇ ਵਧੀਆ ਲਗਦੀ ਹੈ ਪਰ ਇਸ ਸਬੰਧੀ ਸਮਝੌਤਾ ਟੇਬਲ 'ਤੇ ਪ੍ਰਗਤੀ ਨਹੀਂ ਹੋਈ। ਭਾਰਤ ਤੇ ਕੈਨੇਡਾ ਨੇ ਪਹਿਲੀ ਵਾਰ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅਗਵਾਈ ਵਿਚ 2010 ਵਿਚ ਵਪਾਰ ਗੱਲਬਾਤ ਸ਼ੁਰੂ ਕੀਤੀ ਸੀ ਪਰ 7 ਸਾਲਾਂ ਵਿਚ 10 ਦੌਰ ਦੀ ਗੱਲਬਾਤ ਪਿੱਛੋਂ ਵੀ ਕੋਈ ਸਫਲਤਾ ਨਹੀਂ ਮਿਲੀ। ਦੋਵਾਂ ਧਿਰਾਂ ਨੇ ਅਗਸਤ 2017 ਤੋਂ ਕੋਈ ਰਸਮੀ ਵਿਚਾਰ ਵਟਾਂਦਰਾ ਨਹੀਂ ਕੀਤਾ। ਉਸ ਸਮੇਂ ਤੋਂ ਦੁਨੀਆਂ ਬਦਲ ਗਈ ਹੈ। ਇਹ ਨਵੀਂ ਸ਼ੁਰੂਆਤ ਵਿਸ਼ਵ ਸਪਲਾਈ ਵਿਚ ਹਰ ਪਾਸੇ ਚੀਨ ਦੇ ਬੋਲ ਬਾਲੇ ਤੋਂ ਅਮਰੀਕਾ ਤੇ ਜਰਮਨੀ ਵਰਗੀਆਂ ਲੋਕਤੰਤਰੀ ਤਾਕਤਾਂ ਦੇ ਚਿੰਤਤ ਹੋਣ ਦਰਮਿਆਨ ਹੋਈ ਹੈ। ਐਨਜੀ ਨੇ ਆਪਣੀ 6 ਦਿਨਾਂ ਦੀ ਯਾਤਰਾ ਦੌਰਾਨ ਭਾਰਤ ਵਿਚ ਰੁਕਣ ਪਿੱਛੋਂ ਇਜ਼ਰਾਈਲ ਅਤੇ ਵੈਸਟ ਬੈਂਕ ਤੇ ਫਿਰ ਸੰਯੁਕਤ ਅਰਬ ਅਮੀਰਾਤ ਦਾ ਵੀ ਦੌਰਾ ਕੀਤਾ।

# ਸਰੀ ਦੇ ਮੇਅਰ ਦੀ ਜਨਤਕ ਸ਼ਰਾਰਤ ਦੇ ਦੋਸ਼ ਵਿਚ ਪ੍ਰੀ-ਟਰਾਇਲ ਕਾਨਫਰੰਸ 11 ਅਪ੍ਰੈਲ ਨੂੰ

ਸਰੀ-ਮੇਅਰ ਡੱਗ ਮੈਕਲਮ ਦੇ ਜਨਤਕ ਸ਼ਰਾਰਤ ਦੋਸ਼ ਦੇ ਕੇਸ ਵਿਚ ਪ੍ਰੀ-ਟਰਾਇਲ ਕਾਨਫਰੰਸ 11 ਅਪ੍ਰੈਲ ਨੂੰ ਰੱਖੀ ਗਈ ਪਰ ਮੁਕੱਦਮੇ ਜਿਹੜਾ ਪੰਜ ਦਿਨ ਚੱਲਣ ਦੀ ਆਸ ਹੈ ਦੀ ਤਾਰੀਕ ਪੀਟੀਸੀ ਸਮਾਪਤ ਹੋਣ ਤਕ ਤਹਿ ਨਹੀਂ ਕੀਤੀ ਜਾਵੇਗੀ। ਅਟਾਰਨੀ ਜਨਰਲ ਦੇ ਕੋਰਟ ਸਰਵਸਿਜ ਆਨਲਾਈਨ ਬਾਰੇ ਮੰਤਰੀ ਨੇ ਸੰਕੇਤ ਦਿੱਤਾ ਕਿ ਪ੍ਰੀ-ਟਰਾਇਲ ਕਾਨਫਰੰਸ ਪ੍ਰਿੰਸ ਜੌਰਜ ਲਾਅ ਕੋਰਟਸ ਵਿਖੇ ਹੋਵੇਗੀ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਲਈ ਸੰਚਾਰ ਸਲਾਹਕਾਰ ਡੈਮ ਮੈਕਲਾਫਲਿਨ ਨੇ ਸਪਸ਼ਟ ਕੀਤਾ ਕਿ ਪ੍ਰੀ-ਕਾਨਫਰੰਸ ਟਰਾਇਲ ਵਰਚੂਅਲ ਹੋਵੇਗਾ। ਸਾਰੇ ਵਿਅਕਤੀ ਵਰਚੂਅਲ ਸ਼ਾਮਿਲ ਹੋਣਗੇ। ਕੇਸ ਸਰੀ ਵਿਚ ਚੱਲੇਗਾ। ਮੈਕਲਮ ਨੇ ਅਜੇ ਕੋਈ ਪਟੀਸ਼ਨ ਦਾਖਲ ਨਹੀਂ ਕੀਤੀ। ਪ੍ਰੀ-ਟਰਾਇਲ ਕਾਨਫਰੰਸ ਜਨਤਕ ਨਹੀਂ ਹੋਵੇਗੀ। ਸਰੀ ਦੀਆਂ ਅਗਲੀਆਂ ਮਿਉਂਸਪਲ ਚੋਣਾਂ 15 ਅਕਤੂਬਰ ਨੂੰ ਹੋਣੀਆਂ ਹਨ ਅਤੇ ਮੈਕਲਮ ਵਲੋਂ ਅਹੁਦੇ ਲਈ ਦੂਸਰੀ ਵਾਰ ਚੋਣ ਲੜਨ ਦੀ ਆਸ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S&S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

## ਰਵਾਇਤੀ ਪਾਰਟੀਆਂ ਪ੍ਰਤੀ ਲੋਕ ਰੋਹ 'ਤੇ ਸਵਾਰ ਆਪ ਦੀ ਸੁਨਾਮੀ....

# ਲੋਕ ਦਿਲਾਂ ਨੂੰ ਜਿੱਤਣ ਵਾਲੇ ਭਗਵੰਤ ਮਾਨ ਤੋਂ ਢੇਰਾਂ ਉਮੀਦਾਂ ਪਰ....?

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਦੇ ਲੋਕਾਂ ਵਿਚਾਲੇ ਰਵਾਇਤੀ ਪਾਰਟੀਆਂ ਪ੍ਰਤੀ ਗੁੱਸੇ ਤੇ ਨਫਰਤ ਦੀ ਲਹਿਰ 'ਤੇ ਸਵਾਰ ਆਮ ਆਦਮੀ ਪਾਰਟੀ ਨੇ 117 ਮੈਂਬਰੀ ਪੰਜਾਬ ਵਿਧਾਨ ਸਭਾ ਦੀਆਂ 92 ਸੀਟਾਂ ਤੇ ਹੂੰਝਾ ਫੇਰ ਜਿੱਤ ਪ੍ਰਾਪਤ ਕਰਦਿਆਂ ਜਿਥੇ ਇਕ ਨਵਾਂ ਇਤਿਹਾਸ ਰਚਣ ਵਿਚ ਸਫਲਤਾ ਹਾਸਲ ਕੀਤੀ ਹੈ ਉਥੇ ਚੋਣਾਂ ਸਬੰਧੀ ਬਣੀਆਂ ਕਈ ਧਾਰਨਾਵਾਂ ਵੀ ਤੋੜੀਆਂ ਹਨ। ਇਹਨਾਂ ਧਾਰਨਾਵਾਂ ਚੋ ਸਭ ਤੋ ਪਹਿਲੀ ਤੇ ਠੋਸ ਧਾਰਨਾ ਤਾਂ ਇਹ ਸੀ ਕਿ ਪੈਸੇ ਤੋ ਬਿਨਾਂ ਕੋਈ ਚੋਣ ਨਹੀ ਲੜੀ ਜਾ ਸਕਦੀ। ਪਰ ਆਪ ਦੇ ਚੁਣੇ ਗਏ 92 ਵਿਧਾਇਕਾਂ ਚੋ ਬਹੁਤ ਸਾਰੇ ਅਜਿਹੇ ਹਨ ਜਿਹਨਾਂ ਦੇ ਰੋਜੀ ਰੋਟੀ ਦੇ ਸਾਧਨ ਬਹੁਤ ਹੀ ਸਾਧਾਰਣ ਸਨ ਪਰ ਇਸਦੇ ਬਾਵਜੂਦ ਉਹ ਨਾ ਕੇਵਲ ਚੋਣ ਜਿੱਤਣ ਬਲਿਕ ਵੱਡੇ ਵੱਡੇ ਧਰੰਤਰਾਂ ਨੂੰ ਵੀ ਮਾਤ ਦੇਣ ਵਿਚ ਸਫਲ ਰਹੇ।

ਦੂਸਰੀ ਧਾਰਣਾ ਇਹ ਹੈ ਕਿ ਚੋਣਾਂ ਵਿਚ ਧਰਮ ਜਾਂ ਜਾਤ ਦੀ ਭੂਮਿਕਾ ਦਾ ਆਪਣਾ ਇਕ ਮਹੱਤਵ ਹੈ ਪਰ ਕਾਂਗਰਸ ਵਲੋ ਖੇਡੇ ਗਏ ਜਾਤੀ ਪੱਤੇ ਨੂੰ ਲੋਕਾਂ ਨੇ ਬੁਰੀ ਤਰਾਂ ਨਕਾਰ ਦਿੱਤਾ ਬਲਕਿ ਇਹ ਵੀ ਯਾਦ ਕਰਾਇਆ ਕਿ ਪੰਜਾਬ ਵਿਚ ਧਰਮ ਜਾਂ ਜਾਤ ਦਾ ਪੱਤਾ ਖੇਡਣ ਦੀ ਕੋਸ਼ਿਸ਼ ਮੂਰਖਤਾ ਤੋ ਸਿਵਾਏ ਕੁਝ ਨਹੀ। ਚੋਣਾਂ ਤੋ ਆਖਰੀ ਦਿਨਾਂ ਵਿਚ ਆਪ ਸੁਪਰੀਮੋ ਕੇਜਰੀਵਾਲ ਨੂੰ ਅਲਗਾਵਾਦੀ ਤਾਕਤਾਂ ਨਾਲ ਜੋੜਨ ਦਾ ਯਤਨ ਕਰਦਿਆਂ ਸ਼ਹਿਰੀ ਹਿੰਦੂ ਵੋਟਰਾਂ ਨੂੰ ਡਰਾਉਣ ਦਾ ਯਤਨ ਕੀਤਾ ਗਿਆ ਪਰ ਚੋਣ ਨਤੀਜਿਆਂ ਨੇ ਦੱਸ ਦਿੱਤਾ ਕਿ ਸ਼ਹਿਰੀ ਹਿੰਦੂ ਵੋਟਰ ਭਾਜਪਾ, ਕਾਂਗਰਸ ਤੇ ਵਧੇਰੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭੁਗਤੇ। ਪੰਜਾਬ ਵਿਚ ਡੇਰਾਵਾਦ ਦੇ ਫੈਲਾਅ ਦੇ ਨਾਲ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਡੇਰਿਆਂ ਨਾਲ ਜੁੜੀ ਵੋਟ ਕਿਸੇ ਵੀ ਸੀਟ ਉਪਰ ਫੈਸਲਕੁੰਨ ਭੂਮਿਕਾ ਨਿਭਾਉਂਦੀ ਹੈ। ਇਸੇ ਨੂੰ ਧਿਆਨ ਵਿਚ ਰੱਖਦਿਆਂ ਸਿਆਸੀ ਪ੍ਰਭੂਆਂ ਨੇ ਡੇਰਾ ਸੱਚਾ ਸੌਦਾ, ਰਾਧਾ ਸੁਆਮੀ ਮੁਖੀ ਤੇ ਸੰਤ ਸਮਾਜ ਰਾਹੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੇ ਯਤਨ ਕੀਤੇ ਤੇ ਇਹ ਪਰਚਾਰ ਵੀ ਕੀਤਾ ਗਿਆ ਕਿ ਕਿਸ-ਕਿਸ ਪਾਰਟੀ ਦੇ ਹੱਕ ਵਿਚ ਡੇਰਿਆਂ ਨੂੰ ਉਮੀਦਵਾਰਾਂ ਦੀਆਂ ਸੂਚੀਆਂ ਸੌਂਪੀਆਂ ਗਈਆਂ ਹਨ ਪਰ ਇਸਦੇ ਬਾਵਜੂਦ ਡੇਰਾ ਫੈਕਟਰ ਆਪਣਾ ਕੋਈ ਰੰਗ ਨਾ ਵਿਖਾ ਸਕਿਆ।

ਆਮ ਆਦਮੀ ਪਾਰਟੀ ਦੀ ਲਹਿਰ ਨੇ ਸੁਨਾਮੀ ਵਿਚ ਵਟਦਿਆਂ ਸੂਬੇ ਦੇ ਧਰੰਤਰ ਆਗੂ ਜਿਹਨਾਂ ਵਿਚ ਮੁਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿਧੂ, ਮਜੀਠੀਆ, ਬੀਬੀ ਭੱਠਲ, ਮਨਪ੍ਰੀਤ ਬਾਦਲ, ਬ੍ਰਹਮਪੁਰਾ, ਢੀਂਡਸਾ ਤੇ ਹੋਰ ਕਈ ਹੋਰ ਬਰਗਦ ਉਡਾ ਛੱਡੇ।

ਇਸ ਸੁਨਾਮੀ ਦਾ ਹੀ ਕਮਾਲ ਸਮਝੋ ਕਿ ਆਪ ਦੇ ਮੁੱਖ ਮੰਤਰੀ ਉਮੀਦਵਾਰ ਧੂਰੀ ਤੋ 50,000 ਤੋ ਉਪਰ ਵੋਟਾਂ ਦੇ ਫਰਕ ਨਾਲ ਚੋਣ ਜਿੱਤੇ। ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਚਾਰ ਤੇ ਪੰਜ ਕੋਣੀ ਮੁਕਾਬਲਿਆਂ ਦੇ ਬਾਵਜੂਦ ਆਪ ਦੇ ਉਮੀਦਵਾਰ ਭਾਰੀ ਫਰਕ ਨਾਲ ਜੇਤੂ ਰਹੇ। ਸੱਤਾਧਾਰੀ ਕਾਂਗਰਸ ਕੇਵਲ 18 ਸੀਟਾਂ ਤੱਕ ਸੁੰਗੜ ਗਈ ਤੇ ਅਕਾਲੀ ਦਲ ਬਾਦਲ ਜਿਸਦਾ ਵੱਡਾ ਪੇਂਡੂ ਜਨਤਕ ਆਧਾਰ ਮੰਨਿਆ ਜਾਂਦਾ ਰਿਹਾ ਹੈ, ਨੂੰ ਮਾਝਾ, ਮਾਲਵਾ ਤੇ ਦੁਆਬਾ ਪੰਜਾਬ ਦੇ ਤਿੰਨ ਖੇਤਰਾਂ ਚੋ ਕੇਵਲ ਇਕ-ਇਕ ਸੀਟ ਨਾਲ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 60 ਹਜਾਰ ਤੋ ਵੱਧ ਵੋਟਾਂ ਦੇ ਫਰਕ ਨਾਲ ਹਾਰੇ। ਧਰਮ ਦੇ ਨਾਮ ਉਪਰ ਰਾਜਨੀਤੀ ਕਰਨ ਵਾਲੀ ਭਾਜਪਾ, ਪ੍ਰਧਾਨ ਮੰਤਰੀ ਮੋਦੀ ਦੀ ਮੁਹਿੰਮ ਦੇ ਬਾਵਜੂਦ ਕੇਵਲ 2 ਸੀਟਾਂ ਲਿਜਾ ਸਕੀ ਜਦੋਂਕਿ ਭਾਜਪਾ ਨਾਲ ਗਠਜੋੜ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾ ਆਪਣੀ ਸੀਟ ਬਚਾ ਤੇ ਨਾ ਹੀ ਢੀਂਡਸਾ ਦੀ ਅਗਵਾਈ ਵਾਲਾ ਸੰਯੁਕਤ ਅਕਾਲੀ ਦਲ ਕਿਤੇ ਲੱਭਾ। ਬਾਗੀ ਤਬੀਅਤ ਵਾਲੇ ਬੈਂਸ ਭਰਾ ਵੀ ਲੁੜਕੇ ਤੇ ਕਿਸਾਨ ਅੰਦੋਲਨ ਦੇ ਆਗੂ ਰਾਜੇਵਾਲ ਦੀ



ਜ਼ਮਾਨਤ ਤਾਂ ਜ਼ਬਤ ਹੋਈ ਪਰ 'ਵਾਰਿਸ ਪੰਜਾਬ ਦੇ' ਵਾਲੇ ਦੀਪ ਸਿੱਧੂ ਦੀ ਮੌਤ ਨੂੰ 'ਸ਼ਹਾਦਤ' ਬਣਾਉਣ ਦੇ ਬਾਵਜੂਦ ਸਿਮਰਨਜੀਤ ਸਿੰਘ ਮਾਨ ਨੂੰ ਇਕ ਸੀਟ ਨਾ ਦਿਵਾ ਸਕੇ। ਆਪ ਦੀ ਸੁਨਾਮੀ ਇਸ ਗੱਲੋ ਆਂਕੀ ਜਾ ਸਕਦੀ ਹੈ ਕਿ ਪਿਛਲੀ ਵਾਰ 20 ਪ੍ਰਤੀਸ਼ਤ ਵੋਟਾਂ ਲਿਜਾਣ ਵਾਲੀ ਪਾਰਟੀ ਇਸ ਵਾਰ 42 ਪ੍ਰਤੀਸ਼ਤ ਵੋਟਾਂ ਲਿਜਾਣ ਵਿਚ ਸਫਲ ਰਹੀ ਜਦੋ ਕਿ ਮਾਲਵਾ ਖੇਤਰ ਵਿਚ ਇਹ ਵੋਟ ਪ੍ਰਤੀਸ਼ਤ 47 ਪ੍ਰਤੀਸ਼ਤ ਰਿਹਾ। ਪਿਛਲੀ ਵਾਰ 32 ਪ੍ਰਤੀਸ਼ਤ ਲੈਣ ਵਾਲੀ ਕਾਂਗਰਸ ਇਸ ਵਾਰ 22 ਪ੍ਰਤੀਸ਼ਤ ਤੇ ਅਕਾਲੀ ਦਲ ਪਿਛਲੀ ਵਾਰ ਦੇ 25 ਪ੍ਰਤੀਸ਼ਤ ਸ਼ੇਅਰ ਤੋ 18 ਪ੍ਰਤੀਸ਼ਤ ਤੱਕ ਸਰਕ ਗਿਆ। ਭਾਜਪਾ ਦਾ ਹਿੱਸਾ 6 ਪ੍ਰਤੀਸ਼ਤ ਰਿਹਾ ਤੇ ਅਕਾਲੀ ਦਲ ਦੀ ਭਾਈਵਾਲ ਪਾਰਟੀ ਬਸਪਾ ਦਾ ਕੇਵਲ 1.7 ਪ੍ਰਤੀਸ਼ਤ ਨਾਲ ਘਟੀਆ ਪ੍ਰਦਰਸ਼ਨ ਰਿਹਾ। ਅਕਾਲੀ ਦਲ ਨੂੰ ਭਾਜਪਾ ਦੀ ਥਾਂ ਬਸਪਾ ਨਾਲ ਸਮਝੌਤਾ ਕਰਨਾ ਕਿਸੇ ਵੀ ਤਰਾਂ ਰਾਸ ਨਾ ਆਇਆ। ਬਸਪਾ ਨਵਾਂਸ਼ਹਿਰ ਤੋ ਕੇਵਲ ਇਕ ਸੀਟ ਲਿਜਾਕੇ ਆਪਣਾ ਖਾਤਾ ਖੋਹਲ ਸਕੀ। ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਲੋਕ ਰੋਹ ਤਾਂ ਸਮਝਿਆ ਜਾ ਸਕਦਾ ਹੈ ਪਰ ਸਾਲ ਭਰ ਰਾਜਧਾਨੀ ਦਿੱਲੀ ਦੀਆਂ ਹੱਦਾਂ ਉਪਰ ਸੰਘਰਸ਼ ਕਰਨ ਵਾਲੇ ਤੇ ਲੋਕਾਂ ਵਿਚ ਸਿਆਸਤੀ ਚੇਤੰਨਤਾ ਵਧਾਉਣ ਵਾਲੇ ਕਿਸਾਨ ਮੋਰਚੇ ਦੇ ਚੋਣ ਮੈਦਾਨ ਵਿਚ ਉਤਰਨ ਵਾਲੇ ਆਗੂਆਂ ਨੂੰ ਵੀ ਲੋਕਾਂ ਨੇ ਖੇਡ ਵਿਗਾੜਨ ਵਾਲਿਆਂ ਦੀ ਸੂਚੀ ਵਿਚ ਸ਼ਾਮਿਲ ਕਰਦਿਆਂ, ਮੂੰਹ ਨਹੀ ਲਗਾਇਆ। ਜਿਵੇਂ ਕਿ ਇਹ ਸਮਝਿਆ ਜਾਂਦਾ ਸੀ ਕਿ ਸੰਯੁਕਤ ਕਿਸਾਨ ਮੋਰਚਾ ਆਪ ਉਮੀਦਵਾਰਾਂ ਲਈ ਮੁਸੀਬਤ ਬਣ ਸਕਦਾ ਹੈ ਪਰ ਅਜਿਹਾ ਕੁਝ ਨਹੀ ਹੋਇਆ ਬਲਿਕ ਕਿਸਾਨ ਆਗੂ ਰਾਜੇਵਾਲ ਸਮੇਤ ਕੋਈ ਵੀ ਉਮੀਦਵਾਰ ਆਪਣੀ ਹੋਂਦ ਨਾ ਦਰਸਾ ਸਕਿਆ। ਆਪ ਸੁਪਰੀਮੋ ਕੇਜਰੀਵਾਲ ਦੀ ਪੇਸ਼ਕਸ਼ ਮੁਤਾਬਿਕ ਅਗਰ ਕਿਸਾਨ ਆਗੂ 15 ਸੀਟਾਂ ਲੈਣਾ ਮੰਨ ਜਾਂਦੇ ਤਾਂ ਸ਼ਾਇਦ ਅੱਜ ਉਹ ਵੀ ਵਿਧਾਨ ਸਭਾ ਵਿਚ ਇਕ ਸਨਮਾਨਯੋਗ ਧਿਰ ਹੁੰਦੇ।

ਇਹਨਾਂ ਚੋਣਾਂ ਵਿਚ ਰਵਾਇਤੀ ਪਾਰਟੀਆਂ ਪ੍ਰਤੀ ਲੋਕ ਰੋਹ ਨੂੰ ਭੰਨਾਉਣ ਤੇ ਇਕ ਤੀਸਰੇ ਬਦਲ ਦੇ ਸੁਪਨੇ ਵਜੋ ਸਾਹਮਣੇ ਆਈ ਆਮ ਆਦਮੀ ਪਾਰਟੀ ਆਪਣੀ ਰਣਨੀਤੀ ਬਣਾਉਣ ਤੇ ਉਸ ਉਪਰ ਕੰਮ ਕਰਨ ਵਿਚ ਸਫਲ ਰਹੀ। ਪਿਛਲੀ ਵਾਰ ਦੀ ਗਲਤੀ ਨੂੰ ਸੁਧਾਰਦਿਆਂ ਆਪ ਸੁਪਰੀਮੋ ਵਲੋ ਭਗਵੰਤ ਮਾਨ ਨੂੰ ਮੁੱਖ ਮੰਤਰੀ ਉਮੀਦਵਾਰ ਬਣਾਉਣ ਦਾ ਐਲਾਨ ਪੰਜਾਬੀਆਂ ਦੇ ਸ਼ੱਕ ਸੁਬਾਹੇ ਦੂਰ ਕਰਨ ਵਿਚ ਸਫਲ ਰਿਹਾ। ਕਾਂਗਰਸ ਵਲੋ ਦਲਿਤ ਮੁੱਖ ਮੰਤਰੀ ਦੀ ਖੇਡੀ ਗਈ ਖੇਡ ਵੀ ਆਪ ਦੇ ਹੱਕ ਵਿਚ ਰਹੀ। ਭਗਵੰਤ ਮਾਨ ਮਾਲਵੇ ਦੇ ਇਕ ਸਧਾਰਣ ਕਿਸਾਨ ਪਰਿਵਾਰ ਨਾਲ ਸਬਿੰਧਤ ਹੋਣ ਕਾਰਣ ਜੱਟ ਵੋਟਰ ਦਾ ਉਸ ਪ੍ਰਤੀ ਆਕਰਸ਼ਿਤ ਹੋਣਾ ਵੀ ਸੁਭਾਵਿਕ ਰਿਹਾ। ਉਸਦੀ ਸਾਫ ਸੁਥਰੀ ਛਵੀ ਤੇ ਇਕ ਚੰਗਾ ਬੁਲਾਰਾ ਹੋਣ ਦਾ ਗੁਣ, ਉਸਦੇ ਰਾਹਾਂ ਨੂੰ ਰੁਸ਼ਨਾਉਂਦਾ ਗਿਆ। ਵਿਰੋਧੀ ਪਾਰਟੀਆਂ ਨੇ ਭਾਵੇ ਭਗਵੰਤ ਮਾਨ ਨੂੰ ਸ਼ਰਾਬੀ -ਕਬਾਬੀ ਘੋਸ਼ਿਤ ਕਰਨ ਵਿਚ ਕੋਈ ਕਸਰ ਨਹੀ ਛੱਡੀ ਪਰ ਸੱਚਾਈ ਇਹ ਹੈ ਕਿ ਭ੍ਰਿਸ਼ਟ ਤੇ ਆਕੜ ਖਾਂ ਆਗੂਆਂ ਤੋ ਉਕਤਾਏ ਲੋਕਾਂ ਨੇ ਉਸਦੇ ਐਬਾਂ ਨੂੰ ਦਰਕਿਨਾਕਰ ਕਰਦਿਆਂ ਉਸਨੂੰ ਭਾਵੀ ਮੁੱਖ ਮੰਤਰੀ ਸਵੀਕਾਰ ਲਿਆ। ਆਪ ਸੁਪਰੀਮੋ ਵਲੋ ਦਿੱਲੀ ਮਾਡਲ ਨੂੰ ਪੰਜਾਬੀਆਂ ਲਈ ਪੇਸ਼ ਕਰਦਿਆਂ ਔਰਤਾਂ ਨੂੰ 1-1 ਹਜਾਰ ਰੁਪਏ ਦੇ ਐਲਾਨ ਤੋ ਲੈਕੇ ਕਈ ਹੋਰ ਲਲਚਾਊ-ਸੁੱਖ ਸਹੂਲਤਾਂ ਦੇ ਐਲਾਨ ਬਹੁਗਿਣਤੀ ਲੋਕਾਂ ਦੇ ਮਨਾਂ ਨੂੰ ਭਾਅ ਗਏ। ਭਾਵੇਂਕਿ ਹੋਰਨਾਂ ਪਾਰਟੀਆਂ ਤੇ ਆਗੂਆਂ ਨੇ ਵੀ ਔਰਤਾਂ ਨੂੰ ਕਈ ਤਰਾਂ ਤੇ ਲੋਭ ਲਾਲਚ ਤੇ ਹੋਰ ਸਹੂਲਤਾਂ ਐਲਾਨੀਆਂ ਪਰ ਕੇਜਰੀਵਾਲ ਦੀ ਪਹਿਲਕਦਮੀ ਦਾ ਕੋਈ ਤੋੜ ਨਹੀ ਸੀ। ਪੰਜਾਬ ਚੋਣਾਂ ਵਿਚ ਪੰਜਾਬ ਕਾਂਗਰਸ ਤੇ ਅਕਾਲੀ ਦਲ ਦੀ ਨਮੋਸ਼ੀਜਨਕ ਹਾਰ ਤੋ ਬਾਦ ਭਾਵੇਂਕਿ ਆਗੂਆਂ ਨੇ ਲੋਕ ਫਤਵੇ ਨੂੰ ਸਵੀਕਾਰ ਕਰਨ ਦੀ ਗੱਲ ਕਹੀ ਹੈ ਪਰ ਹਾਰ ਦੇ ਕਾਰਣਾਂ ਨੂੰ ਜਾਣਨ ਤੇ ਮੰਥਨ ਦੇ ਨਾਮ ਹੇਠ ਕਈ ਹੋਰ ਬਿਖੇੜੇ ਸਾਹਮਣੇ ਆਉਣ ਵਾਲੇ ਹਨ। ਸਿੱਧੂ ਦਾ 'ਪੰਜਾਬ ਮਾਡਲ' ਸਿੱਧੂ ਦੀ ਬੋਲ ਬਾਣੀ ਤੇ ਆਪਸੀ ਖਿੱਚੋਤਾਣ ਦੌਰਾਨ ਹੀ ਦਮ ਤੋੜ ਗਿਆ। ਉਂਜ ਕਾਂਗਰਸ ਦੇ ਸ ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਪਾਲ ਸਿੰਘ ਖਹਿਰਾ, ਰਾਜਾ ਵੜਿੰਗ ਤੇ ਪਰਗਟ ਸਿੰਘ ਵਰਗੇ ਆਗੂਆਂ ਦਾ ਵਿਧਾਨ ਸਭਾ ਵਿਚ ਪੁੱਜਣਾ, ਉਸਾਰੂ ਸਿਆਸਤ ਲਈ ਸ਼ੁਭ ਹੋ ਸਕਦਾ ਹੈ ਪਰ ਵਿਰੋਧੀ ਧਿਰ ਦਾ ਆਗੂ ਬਣਨ ਦੇ ਮੁੱਦੇ ਉਪਰ ਕਈ ਰੇੜਕੇ ਵੀ ਪੈ ਸਕਦੇ ਹਨ।

ਅਕਾਲੀ ਦਲ ਦੀ ਨਮੋਸ਼ੀਜਨਕ ਹਾਰ ਤੋ ਬਾਦ ਸੁਖਬੀਰ ਸਿੰਘ ਬਾਦਲ ਨੇ ਇਸ ਹਾਰ ਲਈ ਖੁਦ ਜਿੰਮੇਵਾਰੀ ਕਬੂਲ ਕਰ ਲਈ ਹੈ ਪਰ ਅਜੇ ਤੱਕ ਉਹਨਾਂ ਆਪਣੇ ਅਸਤੀਫੇ ਦੀ ਪੇਸ਼ਕਸ਼ ਨਹੀ ਕੀਤੀ। ਅਗਲੇ ਦਿਨਾਂ ਵਿਚ ਉਹਨਾਂ ਦੇ ਅਸਤੀਫੇ ਦੀ ਮੰਗ ਜੋਰ ਫੜ ਸਕਦੀ ਹੈ। ਲੋਕ ਚਰਚਾ ਹੈ ਕਿ ਲੋਕਾਂ ਨੇ ਅਕਾਲੀ ਦਲ ਨੂੰ ਨਹੀ ਬਾਦਲ ਪਰਿਵਾਰ ਨੂੰ ਬਾਹਰ ਦਾ ਰਸਤਾ ਵਿਖਾਇਆ ਹੈ। ਬਾਦਲ ਪਰਿਵਾਰ ਨੂੰ ਲੋਕ ਫਤਵਾ ਕਬੂਲ ਕਰਦਿਆਂ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਲੋਕਾਂ ਨੇ ਬੇਅਦਬੀਆਂ, ਨਸ਼ਿਆਂ ਤੇ ਸਿਰਸਾ ਮੁਖੀ ਨੂੰ ਮੁਆਫੀ ਦੇ ਮੁੱਦਿਆਂ ਉਪਰ ਉਹਨਾਂ ਨੂੰ ਮੁਆਫ ਨਹੀ ਕੀਤਾ। ਬੇਅਦਬੀਆਂ ਦੇ ਮੁੱਦੇ ਉਪਰ ਉਹਨਾਂ ਵਲੋ ਸਿਆਸੀ ਮੰਚਾਂ ਉਪਰ ਇਹ ਸਹੁੰਆਂ ਦੁਹਰਾਉਣ ਕਿ 'ਬੇਅਦਬੀਆਂ ਕਰਨ ਤੇ ਸਿਆਸਤ ਕਰਨ ਵਾਲਿਆਂ ਦਾ ਕੱਖ ਨਾ ਰਹੇ' ਦੀਆਂ ਚਲਾਕੀਆਂ ਦੀ ਥਾਂ ਅਗਰ ਉਹ ਗੁਰੂ ਮਹਾਰਾਜ ਦੇ ਘਰ ਮੁਆਫੀ ਲਈ ਜੋਦੜੀ ਦੀ ਇਮਾਨਦਾਰੀ ਵਿਖਾਉਂਦੇ ਤਾਂ ਯਕੀਨਨ ਨਮੋਸ਼ੀਜਨਕ ਹਾਰ ਤੋ ਬਚ ਜਾਂਦੇ।

ਆਪ ਦੇ ਨਾਮਜ਼ਦ ਮੁੱਖ ਮੰਤਰੀ ਭਗਵੰਤ ਮਾਨ ਹੁਣ ਸਰਦਾਰ ਭਗਵੰਤ ਸਿੰਘ ਮਾਨ ਹੋ ਗਏ ਹਨ। ਉਹਨਾਂ ਵਿਧਾਇਕ ਦਲ ਦਾ ਨੇਤਾ ਚੁਣੇ ਜਾਣ ਸਮੇ ਜੋ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਉਹਨਾਂ ਤੋ ਪੰਜਾਬ ਦੇ ਭਲੇ ਦੀ ਆਸ ਕਰਨੀ ਬਣਦੀ ਹੈ। ਪਰ ਸਿਆਸਤ ਵਿਚ ਕੇਵਲ ਭਾਵਨਾਵਾਂ ਨਹੀ ਠੋਸ ਤੇ ਲੋਕ ਹਿੱਤੂ ਨੀਤੀਆਂ ਲਈ ਕਈ ਸਖਤ ਫੈਸਲੇ ਲੈਣੇ ਪੈਂਦੇ ਹਨ। ਸਮੱਸਿਆਵਾਂ ਬਹੁਤ ਹਨ। ਮੌਜੂਦਾ ਸਿਸਟਮ ਇਹਨਾਂ ਵਿਕਰਾਲ ਸਮੱਸਿਆਵਾਂ ਦੇ ਹੱਲ ਲਈ ਤਿਆਰ ਹੀ ਨਹੀ। ਪੰਜਾਬ ਦੇ ਬਹੁਤ ਸਾਰੇ ਮੁੱਦੇ ਹਨ ਜਿਹਨਾਂ ਦਾ ਪੰਜਾਬ ਤੋ ਬਿਨਾਂ ਕੌਮੀ, ਖਾਸ ਕਰਕੇ ਕੇਂਦਰ ਸਰਕਾਰ ਦੀ ਇੱਛਾ ਤੋ ਬਿਨਾਂ ਕੋਈ ਵੀ ਕਦਮ ਭਰਨਾ ਮੁਸ਼ਕਲ ਹੈ। ਸ਼ਾਨਦਾਰ ਲੋਕ ਫਤਵੇ ਦੇ ਨਾਲ ਜਿੰਮੇਵਾਰੀਆਂ ਤੇ ਆਸ਼ਾਵਾਂ ਵਧੇਰੇ ਹਨ। ਉਮੀਦ ਕਰਨੀ ਬਣਦੀ ਹੈ ਕਿ ਨਵੀ ਸਿਆਸੀ ਧਿਰ ਤੇ ਨਵੇ ਮੁੱਖ ਮੰਤਰੀ ਲੋਕ ਇਛਾਵਾਂ ਤੇ ਪੂਰਾ ਉਤਰ ਸਕਣ।






# ਬਾਦਲ ਦਲ ਤੋਂ ਬਾਗੀ ਹੋਏ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਵੱਲੋਂ ਅਕਾਲੀ ਦਲ ਦਿੱਲੀ ਸਟੇਟ ਦਾ ਗਠਨ




ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਪਣੀ ਵੱਖਰੀ ਇਕਾਈ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਦਾ ਗਠਨ ਕਰ ਲਿਆ ਹੈ ਜਿਸ ਮਗਰੋਂ ਦਿੱਲੀ ਦੀ ਸਿੱਖ ਰਾਜਨੀਤੀ 'ਚੋਂ ਵੀ ਬਾਦਲ ਧੜੇ ਦਾ ਸਫ਼ਾਇਆ ਹੋ ਗਿਆ ਹੈ। ਹੁਣ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਨਵੇਂ ਅਹੁਦੇਦਾਰ ਬਣਾਉਣੇ ਪੈਣਗੇ ਕਿਉਂਕਿ ਬਹੁਤੇ ਅਹੁਦੇਦਾਰ ਤੇ ਕਾਰਕੁਨ ਨਵੇਂ ਬਣੀ ਇਕਾਈ 'ਚ ਚਲੇ ਗਏ ਹਨ। ਬਾਦਲ ਧੜੇ ਦਾ ਰਕਾਬਗੰਜ ਸਥਿਤ ਦਫ਼ਤਰ ਵੀ ਹੁਣ ਇਸ ਨਵੇਂ ਦਲ ਦੇ ਕਬਜ਼ੇ ਹੇਠ ਆ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਦਿੱਲੀ ਦੇ ਸਿੱਖਾਂ ਨੇ ਆਪਣੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਪਾਰਟੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਾਸਤੇ ਪੰਥਕ ਰਵਾਇਤਾਂ ਮੁਤਾਬਕ ਕੰਮ ਕਰੇਗੀ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਪਾਰਟੀ ਦੇ ਮੁੱਖ ਸਰਪ੍ਰਸਤ ਚੁਣੇ ਗਏ ਹਨ। ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਐੱਮਪੀਐੱਸ ਚੱਢਾ ਪਾਰਟੀ ਦੇ ਪ੍ਰਧਾਨ ਚੁਣੇ ਗਏ ਹਨ ਜਦਕਿ ਸੀਨੀਅਰ ਆਗੂ ਭਜਨ ਸਿੰਘ ਵਾਲੀਆ ਤੇ ਹਰਵਿੰਦਰ ਸਿੰਘ ਕੇਪੀ ਨੂੰ ਪਾਰਟੀ ਦਾ ਸਰਪ੍ਰਸਤ ਚੁਣਿਆ ਗਿਆ ਹੈ। ਪਾਰਟੀ ਦੀ ਕੋਰ ਕਮੇਟੀ ਸਮੇਤ ਜਥੇਬੰਦਕ ਢਾਂਚੇ ਨੂੰ ਮੁਕੰਮਲ ਕਰਨ ਵਾਸਤੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ ਜੋ 10 ਦਿਨਾਂ ਅੰਦਰ ਆਪਣੀ ਰਿਪੋਰਟ ਦੇਵੇਗੀ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਦੋਂ ਤੱਕ ਪਾਰਟੀ ਨੂੰ ਚੋਣ ਨਿਸ਼ਾਨ ਵੀ ਮਿਲ ਜਾਵੇਗਾ। ਇਸ ਕਮੇਟੀ ਵਿਚ ਆਤਮਾ ਸਿੰਘ, ਬਲਬੀਰ ਸਿੰਘ ਵਿਵੇਕ ਵਿਹਾਰ, ਅਮਰਜੀਤ ਸਿੰਘ, ਅਮਰਜੀਤ ਸਿੰਘ ਪਿੰਕੀ ਤੇ ਹਰਵਿੰਦਰ ਸਿੰਘ ਕੇਪੀ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਥ ਵਿੰਗ ਦੇ ਗਠਨ ਦੀ ਜ਼ਿੰਮੇਵਾਰੀ ਰਮਨਦੀਪ ਸਿੰਘ ਥਾਪਰ, ਸਤਬੀਰ ਸਿੰਘ ਗਗਨ ਅਤੇ ਮਨਜੀਤ ਸਿੰਘ ਔਲਖ ਨੂੰ ਸੌਂਪੀ ਗਈ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਵਿਦਿਆਰਥੀ ਚੋਣਾਂ ਵੀ ਲੜੇਗੀ ਅਤੇ ਸਟੂਡੈਂਟ ਵਿੰਗ ਦੇ ਗਠਨ ਦੀ ਜ਼ਿੰਮੇਵਾਰੀ ਰਮਨਜੋਤ ਸਿੰਘ ਮੀਤਾ ਤੇ ਗੁਰਦੇਵ ਸਿੰਘ ਨੂੰ ਸੌਂਪੀ ਗਈ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੀ ਮਜ਼ਬੂਤ ਮਹਿਲਾ ਵਿੰਗ ਟੀਮ ਵੀ ਹੋਵੇਗੀ ਅਤੇ ਇਸ ਦੀ ਜ਼ਿੰਮੇਵਾਰੀ ਭੁਪਿੰਦਰ ਕੌਰ, ਬਲਜੀਤ ਕੌਰ, ਪਰਮਜੀਤ ਕੌਰ ਗੁੱਡੀ, ਮਨਜੀਤ ਕੌਰ ਗੋਵਿੰਦਪੁਰੀ, ਮਨਜੀਤ ਕੌਰ ਲਾਰੈਂਸ ਰੋਡ ਤੇ ਸੁਰਬੀਰ ਕੌਰ ਨੂੰ ਸੌਂਪੀ ਗਈ ਹੈ। ਸ੍ਰੀ ਕਾਲਕਾ ਨੇ ਕਿਹਾ ਕਿ ਇਹ ਪਾਰਟੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਪੰਥਕ ਰਵਾਇਤਾਂ ਮੁਤਾਬਕ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੇ ਪੰਥ ਦਾ ਭਰੋਸਾ ਗੁਆ ਲਿਆ ਹੈ ਜਿਸ ਦਾ ਸਬੂਤ ਪੰਜਾਬ ਚੋਣਾਂ ਦੇ ਨਤੀਜੇ ਹਨ। ਨਵੇਂ ਚੁਣੇ ਪ੍ਰਧਾਨ ਐੱਮਪੀਐੱਸ ਚੱਢਾ ਨੇ ਕਿਹਾ ਕਿ ਦਿੱਲੀ ਦੇ ਸਿੱਖਾਂ ਨੂੰ ਆਪਣੀ ਪਾਰਟੀ ਦੀ ਬਹੁਤ ਜ਼ਰੂਰਤ ਸੀ। ਇਸ ਮੌਕੇ ਭਜਨ ਸਿੰਘ ਵਾਲੀਆ ਨੇ ਵੀ ਸੰਬੋਧਨ ਕੀਤਾ।

## ਅਵਤਾਰ ਸਿੰਘ ਹਿੱਤ ਬਣੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ



ਨਵੀਂ ਦਿੱਲੀ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਵੱਖਰੀ ਪਾਰਟੀ ਬਣਾ ਲੈਣ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਦੇ ਸੀਨੀਅਰ ਆਗੂ ਅਵਤਾਰ ਸਿੰਘ ਹਿੱਤ ਨੂੰ ਦਿੱਲੀ ਪ੍ਰਦੇਸ਼ ਸ਼੍ਰੋਮਣੀ ਅਕਾਲੀ ਦਲ ਦੀ ਇਕਾਈ ਦਾ ਪ੍ਰਧਾਨ ਬਣਾਇਆ ਹੈ। ਸ੍ਰੀ ਹਿੱਤ ਬਾਦਲ ਪਰਿਵਾਰ ਦੇ ਕਰੀਬੀ ਹਨ ਤੇ ਉਨ੍ਹਾਂ ਦਾ ਰਾਮਗੜ੍ਹੀਆ ਭਾਈਚਾਰੇ 'ਚ ਖਾਸਾ ਆਧਾਰ ਹੈ। 2013 'ਚ ਸ੍ਰੀ ਹਿੱਤ ਤੋਂ ਮਨਜੀਤ ਸਿੰਘ ਜੀਕੇ ਨੇ ਪ੍ਰਧਾਨਗੀ ਲੈ ਲਈ ਸੀ। ਫਿਰ ਹਾਲਤ ਬਦਲ ਗਏ ਤੇ ਹੁਣ ਉਨ੍ਹਾਂ ਉੱਪਰ ਮੁੜ ਤੋਂ ਅਕਾਲੀ ਦਲ ਨੂੰ ਦਿੱਲੀ 'ਚ ਪੈਰਾਂ ਸਿਰ ਕਰਨ ਦੀ ਜ਼ਿੰਮੇਵਾਰੀ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।










604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com


ਸਫ਼ਾ 1 ਦੀ ਬਾਕੀ





# ਹਾਊਸ ਆਫ ਕਾਮਨਜ਼ ਨੂੰ ਸੰਬੋਧਨ ਸਮੇਂ ਜ਼ੇਲੈਂਸਕੀ ਨੇ ਨੋ ਫਲਾਈ ਜ਼ੋਨ ਕਰਨ ਲਈ ਕੈਨੇਡਾ ਨੂੰ ਮਦਦ ਕਰਨ ਲਈ ਕੀਤੀ ਬੇਨਤੀ

ਓਟਵਾ-ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਰੀ ਨੇ ਹਾਊਸ ਆਫ ਕਾਮਨਜ਼ ਨੂੰ ਸੰਬੋਧਨ ਕਰਦਿਆਂ ਆਪਣੇ ਦੇਸ਼ ਦੇ ਅਕਾਸ਼ ਨੂੰ ਬੰਦ ਕਰਨ ਲਈ ਕੈਨੇਡਾ ਨੂੰ ਮਦਦ ਕਰਨ ਦੀ ਅਪੀਲ ਕੀਤੀ ਹੈ ਅਤੇ ਸੰਸਦ ਮੈਂਬਰਾਂ ਨੂੰ ਇਹ ਕਲਪਣਾ ਕਰਨ ਲਈ ਕਿਹਾ ਕਿ ਜੇਕਰ ਰੂਸੀ ਬੰਬ ਯੂਕਰੇਨੀ ਸ਼ਹਿਰਾਂ ਦੀ ਬਜਾਏ ਕੈਨੇਡੀਅਨ ਸ਼ਹਿਰਾਂ 'ਤੇ ਡਿਗਣ ਤਾਂ ਕਿਸ ਤਰ੍ਹਾਂ ਲੱਗੇਗਾ। ਜ਼ੇਲੇਂਸਕੀ ਨੇ ਹਾਊਸ ਆਫ ਕਾਮਨਜ਼ ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕੀਤਾ ਜਦਕਿ ਉਨ੍ਹਾਂ ਦਾ ਆਪਣਾ ਦੇਸ਼ ਰੂਸੀ ਹਮਲਿਆਂ ਦੇ ਘੇਰੇ ਵਿਚ ਆਇਆ ਹੋਇਆ ਹੈ। ਉਨ੍ਹਾਂ ਐਮਪੀਜ਼ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵਿਸ਼ੇਸ਼ ਰੂਪ ਵਿਚ ਕਲਪਣਾ ਕਰਨ ਲਈ ਕਿਹਾ ਕਿ ਜੇਕਰ ਕੈਨੇਡਾ ਇਸੇ ਤਰ੍ਹਾਂ ਦੀ ਘੇਰਾਬੰਦੀ ਨਾਲ ਨਜਿੱਠੇ ਤਾਂ ਕਿਸ ਤਰ੍ਹਾਂ ਲੱਗੇਗਾ। ਜ਼ੇਲੇਂਸਕੀ ਨੇ ਮਾਰੀਉਪੋਲ ਸ਼ਹਿਰ ਵੱਲ ਧਿਆਨ ਖਿਚਿਆ ਜਿਸ ਨੂੰ ਰੂਸੀ ਫ਼ੌਜਾਂ ਦੇ ਭਿਆਨਕ ਹਮਲੇ ਦਾ ਸਾਹਮਣਾ ਕਰਨਾ ਪਿਆ ਹੈ। ਜ਼ੇਲੈਂਸਕੀ ਨੇ ਦ੍ਰਿੜ ਸਹਿਯੋਗੀ ਹੋਣ ਅਤੇ ਹਥਿਆਰਾਂ ਦੀ ਵਿਵਸਥਾ ਕਰਨ ਅਤੇ ਰੂਸ ਖਿਲਾਫ ਲਗਾਈਆਂ ਸਖਤ ਪਾਬੰਦੀਆਂ ਲਈ ਕੈਨੇਡਾ ਦਾ ਧੰਨਵਾਦ ਕੀਤਾ ਹੈ।

# ਗਵਰਨਰ ਜਨਰਲ ਸਾਈਮਨ ਨੇ ਮਹਾਰਾਣੀ ਤੇ ਸ਼ਾਹੀ ਪਰਿਵਾਰ ਨਾਲ ਕੀਤੀ ਮੁਲਾਕਾਤ

ਓਟਵਾ-ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਨੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਨਾਲ ਵਿਅਕਤੀਗਤ ਮੁਲਾਕਾਤ ਕੀਤੀ ਹੈ ਅਤੇ ਇਕ ਹਫ਼ਤਾ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਮਹਾਰਾਣੀ ਦੇ ਨਾਲ ਦਰਸ਼ਕਾਂ ਦੇ ਰੂਬਰੂ ਹੋਏ ਸਨ। ਮਹਾਂਰਾਣੀ ਨੇ ਵਿੰਡਸਰ ਕੈਸਲ ਵਿਖੇ ਗਵਰਨਰ ਜਨਰਲ ਸਾਈਮਨ ਤੇ ਉਸ ਦੇ ਪਤੀ ਵਿਟ ਫਰੇਜ਼ਰ ਲਈ ਚਾਹ ਪਾਣੀ ਦੀ ਮੇਜ਼ਬਾਨੀ ਕੀਤੀ। ਸ਼ਾਹੀ ਪਰਿਵਾਰ ਵਲੋਂ ਟਵਿੱਟਰ ਅਕਾਊਂਟ 'ਤੇ ਜਾਰੀ ਤਸਵੀਰ ਵਿਚ ਸਾਈਮਨ ਵਿਸ਼ਵ ਦੀ ਸਭ ਤੋਂ ਲੰਬਾ ਸਮਾਂ ਸਿੰਘਾਸਨ 'ਤੇ ਕਾਬਜ਼ ਮਹਾਰਾਣੀ ਨਾਲ ਹੱਥ ਮਿਲਾਉਂਦੇ ਦਿਖਾਇਆ ਗਿਆ ਹੈ। ਰੀਡੋ ਹਾਲ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਾਈਮਨ ਨੇ ਇਸ ਸਾਲ ਮਹਾਰਾਣੀ ਦੀ ਪਲੈਟੀਨਮ ਜੁਬਲੀ ਵਿਚ ਕੈਨੇਡੀਅਨਾਂ ਦੀਆਂ ਸ਼ੁਭ ਕਾਮਨਾਵਾਂ ਸਾਂਝੀਆਂ ਕਰਨ ਲਈ ਮੁਲਾਕਾਤ ਕੀਤੀ ਹੈ। ਸਾਈਮਨ ਨੇ ਇਕ ਬਿਆਨ ਵਿਚ ਕਿਹਾ ਕਿ ਮਹਾਰਾਣੀ ਐਲਿਜ਼ਾਬੈਥ ਦੂਸਰੀ ਨਾਲ ਮੁਲਾਕਾਤ ਕਰਨਾ ਬਹੁਤ ਸਨਮਾਨ ਵਾਲੀ ਗੱਲ ਹੈ। ਇਹ ਮਹਾਰਾਣੀ ਨਾਲ ਸਾਈਮਨ ਦੀ ਦੂਸਰੀ ਪਰ ਵਿਅਕਤੀਗਤ ਰੂਪ ਵਿਚ ਪਹਿਲੀ ਮੀਟਿੰਗ ਸੀ। ਕਲੈਰੈਂਸ ਹਾਊਸ ਵਿਖੇ ਪ੍ਰਿੰਸ ਆਫ ਵੇਲਜ਼ ਅਤੇ ਡਚੇਸ ਆਫ ਕੋਰਨਵਾਲ ਨਾਲ ਵੀ ਸਾਈਮਨ ਤੇ ਫਰੇਜ਼ਰ ਨੇ ਮੁਲਾਕਾਤ ਕੀਤੀ।

## ਕੈਨੇਡੀਅਨ ਜੰਗੀ ਬੇੜੇ ਨੇ ਮੱਧ ਅਮਰੀਕਾ ਤੋਂ ਆ ਰਹੀ 800 ਕਿਲੋ ਕੋਕੀਨ ਦੀ ਖੇਪ ਨੂੰ ਰੋਕ ਕੇ ਕੀਤਾ ਨਸ਼ਟ

ਓਟਵਾ-ਇਕ ਕੈਨੇਡੀਅਨ ਜੰਗੀ ਬੇੜੇ ਨੇ ਪੂਰਬੀ ਪ੍ਰਸ਼ਾਂਤ ਸਾਗਰ ਵਿਚ ਇਕ ਕਿਸ਼ਤੀ 'ਤੇ ਲਿਆਂਦੀ ਜਾ ਰਹੀ ਲਗਪਗ 800 ਕਿਲੋਗ੍ਰਾਮ ਕੋਕੀਨ ਨੂੰ ਰੋਕ ਕੇ ਨਸ਼ਟ ਕਰ ਦਿੱਤਾ ਹੈ। ਇਹ ਕੋਕੀਨ ਕੈਨੇਡੀਅਨ ਫੋਰਸਿਜ਼ ਬੇਸ ਇਸਕਿਉਮਾਲਟ, ਬੀਸੀ ਤੋਂ ਐਚਐਮਸੀਐਸ ਯੇਲੋਨਾਈਫ ਤੇ ਇਸ ਦੇ 40 ਦੇ ਅਮਲੇ ਦੇ ਮੈਂਬਰਾਂ ਤੇ ਐਚਐਮਸੀਐਸ ਸਸਕਾਟੂਨ ਦੇ ਰਵਾਨਾ ਹੋਣ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ 6 ਮਾਰਚ ਨੂੰ ਜ਼ਬਤ ਕੀਤੀ ਸੀ। ਸੈਂਟਰਲ ਅਮਰੀਕਾ ਅਤੇ ਕੈਰਬੀਅਨ ਵਿਚ ਅਮਰੀਕਾ ਦੀ ਅਗਵਾਈ ਵਿਚ ਨਸ਼ੀਲੇ ਪਦਾਰਥ ਵਿਰੋਧੀ ਮਿਸ਼ਨ ਦੇ ਹਿੱਸੇ ਵਜੋਂ ਤਟੀ ਰੱਖਿਆ ਜਹਾਜ਼ਾਂ ਦੀ ਜੋੜੀ ਨੂੰ ਆਪਰੇਸ਼ਨ ਕੈਰੀਬੇ ਤਹਿਤ ਤਿੰਨ ਮਹੀਨਿਆਂ ਲਈ ਤਾਇਨਾਤ ਕੀਤਾ ਹੈ। ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨੇ ਦੱਸਿਆ ਕਿ ਨਸ਼ੀਲਾ ਪਦਾਰਥ ਉਸ ਸਮੇਂ ਜ਼ਬਤ ਕੀਤਾ ਜਦੋਂ ਤੇਜ਼ੀ ਨਾਲ ਜਾ ਰਹੀ ਸਪੀਡ ਬੋਟ ਨੂੰ ਯੈਲੋਨਾਈਫ ਅਤੇ ਅਮਰੀਕਾ ਤਟੀ ਰੱਖਿਆਕ ਕਟਰ ਕਿਮਬਾਲ ਨੇ ਉਸ ਦੇ ਕੋਲ ਜਾ ਕੇ ਰੋਕਿਆ। ਅਮਰੀਕੀ ਅਧਿਕਾਰੀਆਂ ਨੇ ਛੋਟੀ ਕਿਸ਼ਤੀ ਦੇ ਅਮਲੇ ਨੂੰ ਹਿਰਾਸਤ ਵਿਚ ਲੈ ਕੇ ਕਿਸ਼ਤੀ ਦੀ ਜਾਂਚ ਸ਼ੁਰੂ ਕੀਤੀ। ਕਿਸ਼ਤੀ ਵਿਚੋਂ 800 ਕਿਲੋਗ੍ਰਾਮ ਕੋਕੀਨ ਮਿਲੀ।

## 10 ਸਾਲਾ ਲੜਕੀ ਨੂੰ ਬੁਰੀ ਤਰ੍ਹਾਂ ਕੁੱਟਣ ਕਾਰਨ ਇਕ ਵਿਅਕਤੀ ਖਿਲਾਫ ਦੋਸ਼ ਆਇਦ

ਮਾਂਟਰੀਅਲ-ਸ਼ਹਿਰ ਦੇ ਪੂਰਬ ਵਾਲੇ ਪਾਸੇ ਇਕ 10 ਸਾਲਾ ਲੜਕੀ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਪਿੱਛੋਂ ਮਾਂਟਰੀਅਲ ਦਾ ਇਕ ਵਿਅਕਤੀ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਲੜਕੀ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਉਸ ਨੇ ਬਿਨ੍ਹਾਂ ਕਿਸੇ ਕਾਰਨ ਹਮਲਾ ਕੀਤਾ ਸੀ। ਪੁਲਿਸ ਨੇ ਸ਼ੱਕੀ ਦਾ ਪਤਾ ਲਗਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਕਿਹਾ ਕਿ ਹਮਲੇ ਦਾ ਕਾਰਨ ਅਜੇ ਸਪਸ਼ਟ ਨਹੀਂ। ਲੜਕੀ ਦੇ ਸਿਰ ਅਤੇ ਧੜ 'ਤੇ ਗੰਭੀਰ ਸੱਟਾਂ ਲੱਗਣ ਕਾਰਨ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਲੜਕੀ ਦੀ ਰਿਸ਼ਤੇਦਾਰ ਇਕ ਔਰਤ ਨੇ ਪੀੜਤ ਦੀ ਸੋਸ਼ਲ ਮੀਡੀਆ 'ਤੇ ਤਸਵੀਰ ਸਾਂਝੀ ਕੀਤੀ ਹੈ ਜਿਸ ਵਿਚ ਹਸਪਤਾਲ 'ਚ ਦਾਖਲ ਲੜਕੀ ਦੀ ਗਰਦਨ ਅਤੇ ਖ਼ੂਨ ਨਾਲ ਲੱਥਪੱਥ ਚਿਹਰੇ 'ਤੇ ਪੱਟੀਆਂ ਬੰਨੀਆਂ ਦਿਖਾਈ ਦਿੰਦੀਆਂ ਹਨ। 21 ਸਾਲਾ ਲੜਕੇ ਨੇ ਬਿਨ੍ਹਾਂ ਕਿਸੇ ਕਾਰਨ ਲੜਕੀ 'ਤੇ ਦੁਪਹਿਰ ਦੇ ਖਾਣੇ ਸਮੇਂ ਰੈਗੂਲਰ ਸੈਰ ਕਰਨ ਸਮੇਂ ਹਮਲਾ ਕੀਤਾ। ਪਰਿਵਾਰ ਲੜਕੀ ਲਈ ਨਿਆਂ ਦੀ ਮੰਗ ਕਰ ਰਿਹਾ ਹੈ। 21 ਸਾਲਾ ਤਨਵੀਰ ਸਿੰਘ ਅਦਾਲਤ ਵਿਚ ਪੇਸ਼ ਹੋਇਆ ਅਤੇ ਉਸ ਦੇ ਖਿਲਾਫ ਗੰਭੀਰ ਹਮਲਾ, ਸਰੀਰ ਨੂੰ ਨਕੁਸਾਨ ਪਹੁੰਚਾਉਣ ਵਾਲੇ ਹਥਿਆਰ ਨਾਲ ਹਮਲਾ ਕਰਨ ਤੇ ਖਤਰਨਾਕ ਮੰਤਵ ਲਈ ਕੋਲ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ।

# ਲੰਡਨ 'ਚ ਮੁਸਲਿਮ ਪਰਿਵਾਰ ਨੂੰ ਕੁਚਲਣ ਵਾਲੇ ਨੇ ਸ਼ਾਇਦ ਡਾਰਕ ਵੈੱਬ 'ਤੇ ਪੜ੍ਹੀ ਸੀ ਨਿਓ-ਨਾਜ਼ੀ ਸਮੱਗਰੀ

ਟੋਰਾਂਟੋ-ਲੰਡਨ (ਓਨਟਾਰੀਓ) ਵਿਚ ਇਕ ਮੁਸਲਿਮ ਪਰਿਵਾਰ ਦੀ ਹੱਤਿਆ ਕਰਨ ਦੇ ਦੋਸ਼ 20 ਸਾਲਾ ਵਿਅਕਤੀ ਕੋਲ ਉਪਕਰਣ 'ਤੇ ਨਫਰਤ ਨਾਲ ਸਬੰਧਤ ਸਮੱਗਰੀ ਸੀ ਅਤੇ ਡਾਰਕ ਵੈੱਬ 'ਤੇ ਸ਼ਾਇਦ ਵਾਈਟ ਸੁਪਰਮੈਸਿਸਟ ਸਮੱਗਰੀ ਨੂੰ ਪੜ੍ਹਦਾ ਸੀ। ਇਸ ਦਾ ਖੁਲਾਸਾ ਅਦਾਲਤ ਦੇ ਨਵੇਂ ਦਸਤਾਵੇਜ਼ਾਂ ਤੋਂ ਹੋਇਆ ਹੈ। ਨੈਥਨੀਏਲ ਵੈਲਟਮੈਨ 'ਤੇ 6 ਜੂਨ 2021 ਨੂੰ ਸੈਰ ਕਰਨ ਘਰੋਂ ਬਾਹਰ ਨਿਕਲੇ ਇਕ ਪਰਿਵਾਰ ਦੇ ਤਿੰਨ ਜੀਆਂ ਨੂੰ ਕਾਰ ਨਾਲ ਕੁਚਲ ਕੇ ਮਾਰ ਦੇਣ ਪਿੱਛੋਂ ਫਸਟ ਡਿਗਰੀ ਕਤਲ ਦੇ ਚਾਰ ਦੋਸ਼ ਅਤੇ ਇਰਾਦਾ ਕਤਲ ਦਾ ਇਕ ਦੋਸ਼ ਲਗਾਇਆ ਗਿਆ ਸੀ। ਮੁੱਢਲੇ ਦੋਸ਼ਾਂ ਤੋਂ ਇਕ ਹਫ਼ਤਾ ਪਿੱਛੋਂ ਪ੍ਰੋਸੀਕਿਊਟਰਸ ਨੇ ਵੈਲਟਮੈਨ ਖਿਲਾਫ ਅੱਤਵਾਦ ਦੇ ਦੋਸ਼ ਵੀ ਲਗਾਏ ਸਨ। ਪੀੜਤਾਂ ਦੀ ਪਛਾਣ 46 ਸਾਲਾ ਸਲਮਾਨ ਅਫਜ਼ਲ, ਉਸ ਦੀ ਪਤਨੀ 44 ਸਾਲਾ ਮਦੀਹਾ, ਉਨ੍ਹਾਂ ਦੀ 15 ਸਾਲਾ ਧੀ ਯੁਮਨਾਹ ਅਤੇ ਸਲਮਾਨ ਦੀ 74 ਸਾਲਾ ਮਾਂ ਤਲਤ ਵਜੋਂ ਹੋਈ ਸੀ। 9 ਸਾਲਾ ਫਜ਼ੇਅ ਅਫਜ਼ਲ ਹਮਲੇ ਵਿਚ ਬਚ ਗਿਆ ਸੀ ਅਤੇ ਉਸ ਨੂੰ ਗੰਭੀਰ ਸੱਟਾਂ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426




# ਮਾਂ ਖੇਡ ਕਬੱਡੀ ਨੂੰ ਲੱਗਿਆ ਗ੍ਰਹਿਣ !



ਰਾਣਾ ਸੈਦੋਵਾਲ
9855463377

ਪੰਜਾਬ ਵਿੱਚ ਹੋਰ ਬਹੁਤ ਸਾਰੀਆਂ ਖੇਡਾਂ ਖੇਡੀਆਂ ਜਾਦੀਆਂ ਹਨ ਪਰ ਮਾਂ ਖੇਡ ਦਾ ਦਰਜਾ ਕੇਵਲ ਕਬੱਡੀ ਦੇ ਹਿੱਸੇ ਆਇਆ ਹੈ। ਜਿਸ ਕਬੱਡੀ ਨੂੰ ਪੰਜਾਬ ਸਟਾਇਲ ਜਾਂ ਸਰਕਲ ਸਟਾਇਲ ਵੀ ਕਿਹਾ ਜਾਂਦਾ ਹੈ। ਬੇਸ਼ੱਕ ਨੈਸ਼ਨਲ ਸਟਾਇਲ ਕਬੱਡੀ ਨੂੰ ਵੀ ਸਰਕਾਰੀ ਮਾਨਤਾ ਹੈ ਜੋ ਸਕੂਲਾਂ ਕਾਲਜਾਂ ਵਿੱਚ ਵੀ ਖੇਡੀ ਜਾਂਦੀ ਹੈ ਪਰ ਪੇਂਡੂ ਖੇਤਰਾਂ ਵਿੱਚ ਪੰਜਾਬ ਸਟਾਇਲ ਕਬੱਡੀ ਹੀ ਲੋਕ ਦਿਲਾਂ ਦੀ ਧੜਕਣ ਹੈ । ਕੌਡੀ ਦੀ ਖੇਡ ਮਤਲਬ ਜਿਸ ਦੀ ਕੀਮਤ ਕੌਡੀ ਜਿੰਨੀ ਸੀ ਅੱਜ ਲੱਖਾਂ ਨਹੀਂ ਕਰੋੜਾਂ ਦੀ ਖੇਡ ਬਣ ਚੁੱਕੀ ਹੈ।ਮੁਫਤ ਵਿੱਚ ਖੇਡੀ ਜਾਂਦੀ ਇਹ ਖੇਡ ਬਨੈਣਾ, ਨਿਕਰਾਂ ਵਿਚੋਂ ਲੰਘ ਕੇ ਮੋਟਰਸਾਈਕਲ, ਕਾਰਾਂ, ਟ੍ਰੈਕਟਰਾਂ,ਅਤੇ ਮੱਝਾਂ,ਘੋੜੀਆਂ ਤੱਕ ਅੱਪੜ ਗਈ ਹੈ ।ਇੱਕ ਇੱਕ ਰੇਡ,ਜੱਫੇ ਦਾ ਮੁੱਲ ਲੱਖਾਂ ਰੁਪਏ ਹੋ ਚੁੱਕਿਆ ਹੈ।ਇਸ ਦੀ ਆਰਥਿਕ ਤਰੱਕੀ ਦੇ ਨਾਲ ਨਾਲ ਬਹੁਤ ਸਾਰੇ ਕਾਇਦੇ ਕਨੂੰਨ ਵੀ ਇਸ ਖੇਡ ਨੇ ਸਮੇਂ ਸਮੇਂ ਨਿਯਮਬੱਧ ਕੀਤੇ ਹਨ।ਪਹਿਲਾਂ ਗੂੰਗੀ ਤੇ ਫਿਰ ਉੱਚੀ ਆਵਾਜ਼ ਵਿੱਚ ਲਗਾਤਾਰ ਬੱਟ ਬੱਟ ਜਾਂ ਕਬੱਡੀ ਕਬੱਡੀ ਸਾਹ ਮੁੱਕਣ ਤੱਕ ਰੇਡਰ ਜ਼ੋਰ ਅਜਮਾਈ ਕਰਦਾ ਸੀ ਪਰ ਸਮਾਂ ਪਾ ਕੇ ਇਸ ਨੂੰ ਪ੍ਰਬੰਧਕਾਂ ਨੇ 30 ਸੈਕਿੰਡ ਦੀ ਪਾਬੰਧ ਕਰਕੇ ਫਿਰ ਗੂੰਗੀ ਖੇਡ ਬਣਾ ਦਿੱਤਾ ਜਿਸ ਦਾ ਜਾਫੀਆਂ ਨੂੰ ਵਿਸ਼ੇਸ਼ ਲਾਭ ਹੋਇਆ ਹੋਰ ਤਬਦੀਲੀਆਂ ਦੇ ਨਾਲ ਟੱਚ ਕਰਨਾ ਵੀ ਜਰੂਰੀ ਕਰ ਦਿੱਤਾ ਗਿਆ ਇਸ ਤੋਂ ਪਹਿਲਾਂ ਖਾਲੀ ਮਤਲੱਬ ਬਿਨਾਂ ਹੱਥ ਲਾਇਆਂ ਡੀ ਲੰਘ ਕੇ ਮੁੜਿਆ ਜਾ ਸਕਦਾ ਸੀ।ਹੋਰ ਖੇਡਾਂ ਦੀ ਤਰਜ ਤੇ ਫਡਰੇਸ਼ਨਾ ਤੇ ਕਲੱਬ ਹੋਂਦ ਵਿੱਚ ਆਏ।ਬਾਹਰਲੇ ਮੁਲਕਾਂ ਵਿੱਚ ਵਸੇ ਪੰਜਾਬੀ ਕਬੱਡੀ ਪ੍ਰੇਮੀਆਂ ਨੇ ਇਸ ਦੀ ਸ਼ਾਨ ਵਿੱਚ ਚੋਖਾ ਵਾਧਾ ਕੀਤਾ ਅਤੇ ਆਪਣੀ ਪਹਿਚਾਣ ਨੂੰ ਬਣਾਈ ਰੱਖਣ ਲਈ ਇੰਗਲੈਂਡ, ਕਨੇਡਾ, ਅਮਰੀਕਾ, ਨਿਊਜੀਲੈਂਡ, ਯੂਰਪੀਅਨ ਦੇਸ਼ਾਂ ਏਥੋਂ ਤੱਕ ਕਿ ਅਰਬ ਦੇਸ਼ਾਂ ਵਿੱਚ ਵੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਟੂਰਨਾਮੈਂਟ ਹੋਣ ਲੱਗੇ ਹਨ। ਪੈਸਾ ਵੱਧ ਹੋਣ ਕਰਕੇ ਇਸ ਵਿੱਚ ਨਸ਼ੇ ਦੀ ਸ਼ਮੂਲੀਅਤ ਵਧਣ ਲੱਗੀ ਏਥੋਂ ਤੱਕ ਕੇ ਚਲਦੇ ਮੈਂਚ ਵਿੱਚ ਵੀ ਪ੍ਰਮੋਟਰ ਖਿਡਾਰੀ ਨੂੰ ਕੱਪ ਚੱਕਣ ਦੇ ਲਾਲਚ ਵਿੱਚ ਗੋਲੀ ਵੱਟ ਕੇ ਦੇਣ ਲੱਗੇ ਅਤੇ ਖੁਦ ਖਿਡਾਰੀ ਬਿਸਟ ਨਿਕਲਣ ਦੇ ਲਾਲਚ ਜਿਸ ਦਾ ਇਨਾਮ ਵੱਡਾ ਹੋਣ ਕਰਕੇ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਲੱਗ ਪਏ । ਅੱਜਕਲ੍ਹ ਤਾਂ ਜਿਥੇ ਖਿਡਾਰੀ ਕੱਪੜੇ ਉਤਾਰਦੇ ਹਨ ਦੂਜੇ ਦਿਨ ਓਥੋਂ ਢੇਰ ਸਾਰਾ ਸ਼ੀਸ਼ੀਆਂ ਤੇ ਸਰਿਜਾਂ ਦਾ ਮਿਲ ਜਾਂਦਾ ਹੈ।ਡੋਪ ਟਿਸਟ ਦੇ ਨਾਮ ਤੇ ਫਡਰੇਸ਼ਨਾ ਇੱਕ ਮੱਤ ਜਰੂਰ ਹੋਈਆਂ ਪਰ ਜਦੋਂ ਪਹਿਲਾਂ ਵਾਲਾ ਖੜਕਾ ਦੜਕਾ ਨਾ ਹੁੰਦਾ ਦੇਖ ਕੇ ਫਿਰ ਬਿਨਾਂ ਡੋਪ ਟਿਸਟ ਤੋਂ ਖੇਡਣ ਦੀ ਇਜਾਜ਼ਤ ਦੇਣੀ ਸ਼ੁਰੂ ਕਰ ਦਿੱਤੀ ਗਈ ਇਸ ਨਾਲ ਬਹੁਤ ਸਾਰੇ ਖਿਡਾਰੀਆਂ ਨੂੰ ਜਾਨ ਵੀ ਗਵਾਉਣੀ ਪਈ ਕਿਉਂਕਿ ਕਿਹਾ ਜਾਂਦਾ ਹੈ ਕਿ ਪਸ਼ੂਆਂ ਦੇ ਲੱਗਣ ਵਾਲੇ ਟੀਕੇ ਇਸਤੇਮਾਲ ਕੀਤੇ ਜਾਂਦੇ ਹਨ। ਇਸ ਖੇਡ ਕਬੱਡੀ ਵਿੱਚ ਬਹੁਤ ਸਾਰੇ ਗਲਤ ਅਨਸਰ ਪੈਸੇ ਦੇ ਜੋਰ ਨਾਲ ਪ੍ਰਵੇਸ਼ ਹੋ ਚੁੱਕੇ ਹਨ ਉਹਨਾਂ ਵਿਚੋਂ ਬਹੁਤਿਆਂ ਦਾ ਤਾਂ ਕਬੱਡੀ ਨਾਲ ਵਾਹ ਵਾਸਤਾ ਵੀ ਨਹੀਂ ਰਿਹਾ ਉਹ ਚਾਹੇ ਪ੍ਰਮੋਟਰ ਹੋਣ ਚਾਹੇ ਕੋਚ, ਰੈਫਰੀ ਜਾਂ ਮੁੱਖ ਪ੍ਰਬੰਧਕ। ਜਦੋਂ ਕਿਸੇ ਖੇਡ ਦਾ ਪ੍ਰੇਮੀ ਨਾ ਹੋਵੇ ਤਾਂ ਉਹ ਆਪਣੀ ਫੋਕੀ ਟੋਹਰ ਤੋਂ ਬਿਨਾਂ ਖੇਡ ਦੀ ਤਰੱਕੀ ਨਹੀਂ ਕਰ ਸਕਦਾ ਏਸੇ ਕਰਕੇ ਇਹ ਖੇਡ ਹੁਣ ਗੈਂਗਸਟਰਾਂ ਧੱਕੇ ਚੜੀ ਹੋਈ ਮਾਲੂਮ ਹੁੰਦੀ ਹੈ । ਪਿਛੇ ਜਿਹੇ ਸਟਾਰ ਕਬੱਡੀ ਖਿਡਾਰੀ ਦੁੱਲੇ ਉੱਤੇ ਗੋਲੀਆਂ ਚੱਲਦੀਆਂ ਹਨ ਚੰਗੀ ਕਿਸਮਤ ਨੂੰ ਉਹਦੀ ਜਾਨ ਜਰੂਰ ਬਚ ਗਈ । ਪਰ ਕੁੱਝ ਲੋਕਾਂ ਵਲੋਂ ਆਪਣੇ ਅਨੁਸਾਰ ਕਬੱਡੀ ਖਿਡਾਉਣ ਦੇ ਚਰਚੇ ਆਮ ਸੁਣੇ ਜਾਂਦੇ ਹਨ।ਤੇ ਹੁਣ ਦੋ ਦਿਨ ਪਹਿਲਾਂ ਕਬੱਡੀ ਦੇ ਸਟਾਰ ਜਾਫੀ ਸੰਦੀਪ ਨੰਗਲ ਅੰਬੀਆਂ ਨੂੰ ਪਿੰਡ ਮੱਲੀਆਂ ਜਿਲ੍ਹਾ ਜਲੰਧਰ ਵਿਖੇ ਭਰੇ ਮੇਲੇ ਵਿੱਚ ਸ਼ਰੇਆਮ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ।ਇਨਾ ਸਤਰਾਂ ਲਿਖਣ ਤੱਕ ਸੰਦੀਪ ਦੇ ਸਮਰਥਕਾਂ ਨੇ ਧਰਨਾ ਲਾਇਆ ਹੋਇਆ ਹੈ ਅਤੇ ਸਸਕਾਰ ਨਹੀਂ ਕੀਤਾ ।ਕਿਉਂਕਿ ਲੋਕਾਂ ਨੂੰ ਗੁੱਸਾ ਹੈ ਕਿ ਤਿੰਨ ਦਿਨ ਬੀਤ ਜਾਣ ਤੇ ਵੀ ਕਾਤਲ ਫੜੇ ਨਹੀਂ ਗਏ। ਓਧਰ ਆਪ ਦੀ ਨਵੀਂ ਬਣੀ ਸਰਕਾਰ ਖੱਟਕਲ ਕਲਾਂ ਵਿੱਚ ਬਸੰਤੀ ਰੰਗ ਵਿੱਚ ਰੰਗ ਹੋ ਕੇ ਭਗਤ ਸਿੰਘ ਨੂੰ ਦੰਦ ਚੜਾਉਣ ਵਿੱਚ ਲੱਗੀ ਹੋਈ ਸੌਂਹ ਚੁੱਕ ਸਮਾਗਮ ਵਿਚ ਮਸ਼ਰੂਫ ਹੈ।ਜੇਕਰ ਸੰਦੀਪ ਦੇ ਕਾਤਲ ਜਲਦ ਨਾ ਫੜੇ ਗਏ ਤਾਂ ਇਸ ਗਮਗੀਨ ਤੇ ਖੌਫਨਾਕ ਮਹੌਲ ਦਾ ਅਸਰ ਕਬੱਡੀ ਦੇ ਪੁਰਾਣੇ ਅਤੇ ਪ੍ਰਾਇਮਰੀ ਖਿਡਾਰੀਆਂ ਤੇ ਮਾਪਿਆਂ ਉੱਪਰ ਬਹੁਤ ਬੁਰਾ ਅਸਰ ਹੋਵੇਗਾ। ਪਹਿਲਾਂ ਹੀ ਨਸ਼ਿਆਂ ਕਰਕੇ ਬਦਨਾਮ ਇਸ ਖੇਡ ਵਿੱਚ ਕਤਲੋਗਾਰਤ ਹੁੰਦਿਆਂ ਹੁਣ ਕੌਣ ਆਪਣੇ ਬੱਚਿਆਂ ਨੂੰ ਖੇਡਣ ਦੀ ਇਜਾਜ਼ਤ ਦੇਵੇਗਾ ਕਿ ਜਾਓ ਖੇਡੋ ਤੇ ਮਰੋ । ਸੰਦੀਪ ਦਾ ਇਸ ਤਰ੍ਹਾਂ ਹੋਇਆ ਕਤਲ ਹਰ ਪੰਜਾਬੀ ਦੇ ਹਿਰਦੇ ਤੇ ਅਸਰ ਪਾ ਰਿਹਾ ਹੈ।ਛੋਟੇ ਛੋਟੇ ਦੋ ਬੱਚਿਆਂ ਦਾ ਪਿਉ ਮਾਪਿਆਂ ਦੀ ਅੱਖ ਦਾ ਤਾਰਾ ਅਤੇ ਲੱਖਾਂ ਲੋਕਾਂ ਦਾ ਹਰਮਨ ਪਿਆਰ ਡਾਢਾ ਜਾਫੀ ਸੰਦੀਪ ਨੰਗਲ ਅੰਬੀਆਂ ਲੱਖਾਂ ਅੱਖਾਂ ਨਮ ਕਰ ਗਿਆ ਹੈ।ਆਪਣੀ ਸਾਰੀ ਜਿੰਦਗੀ ਕਬੱਡੀ ਦੇ ਲੇਖੇ ਲਾਉਣ ਵਾਲਾ ਸੰਦੀਪ ਹਰਜੀਤ ਬਰਾੜ ਵਾਂਗੂ ਕਬੱਡੀ ਪ੍ਰੇਮੀਆਂ ਦੇ ਚੇਤਿਆਂ ਵਿੱਚ ਰਹੇਗਾ।ਏਦਾਂ ਦਾ ਖਿਡਾਰੀ ਤਿਆਰ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਉਮਰਾਂ ਗਲ਼ ਜਾਂਦੀਆਂ ਹਨ ਪਰ ਬੇਰਹਿਮ ਪਾਪੀਆਂ ਨੇ ਝੱਟ ਨਹੀਂ ਲਾਇਆ। ਜਦੋਂ ਆਪਾਂ ਕਿਤਾਬਾਂ ਵਿੱਚ ਪੜਦੇ ਹਾਂ ਕਿ ਖੇਡਾਂ ਮਿਲਵਰਤਨ ਤੇ ਪਿਆਰ ਸਿਖਾਉਂਦੀਆਂ ਹਨ 'ਤੇ ਸਵਾਲ ਉਠਦਾ ਹੈ ਕਿ ਉਹ ਕੌਣ ਲੋਕ ਹਨ ਜੋ ਕਬੱਡੀ ਨੂੰ ਕਲੰਕ ਬਣਕੇ ਖਤਮ ਕਰਨਾ ਚਾਹੁੰਦੇ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ। ਕੁੱਝ ਸਮੇਂ ਤੋਂ ਇਹ ਕਨਸੋਆਂ ਵੀ ਮਿਲ ਰਹੀਆਂ ਹਨ ਕਿ ਕੁੱਝ ਲੋਕ ਆਪਣੀ ਮਰਜੀ ਅਨੁਸਾਰ ਕਬੱਡੀ ਖਿਡਾਉਣੀ ਚਾਹੁੰਦੇ ਹਨ ਕਿ ਉਹਨਾਂ ਦੀ ਮਰਜ਼ੀ ਅਨੁਸਾਰ ਹਰ ਖਿਡਾਰੀ ਖੇਡੇ ਉਹ ਕਹਿਣ ਤੇ ਜਿੱਤੇ ਉਹ ਕਹਿਣ ਤੇ ਹਾਰੇ ਜਾਂ ਉਹਨਾ ਅਨੁਸਾਰ ਰੇਡਾਂ ਜਾਂ ਜੱਫੇ ਲਾਵੇ। ਅਗਰ ਅਸੀਂ ਨਹੀਂ ਚਾਹੁੰਦੇ ਕਿ ਕੋਈ ਹੋਰ ਸੰਦੀਪ ਜ਼ਾਲਮਾਂ ਦੀ ਭੇਂਟ ਨਾ ਚੜੇ ਤਾਂ ਬਹੁਤ ਸੰਜੀਦਗੀ ਨਾਲ ਇੱਕਮੁੱਠ ਹੋ ਕੇ ਸਾਰੀਆਂ ਫੈਡਰੇਸ਼ਨਾ,ਪ੍ਰਮੋਟਰਾਂ, ਪ੍ਰਬੰਧਕਾਂ ,ਕੋਚਾਂ, ਰੈਫਰੀਆਂ ਅਤੇ ਹਰ ਉਸ ਬੰਦੇ ਨੂੰ ਮੂਹਰੇ ਹੋ ਕੇ ਸਚਾਰੂ ਢੰਗ ਨਾਲ ਖਿਡਾਰੀਆਂ ਦੀ ਆਪਣੀ ਅਜਾਦੀ ਅਤੇ ਕਿਸੇ ਨਿਯਮ ਨੂੰ ਅਪਣਾ ਕੇ ਕਬੱਡੀ ਦੀ ਹਰਮਨ ਪਿਆਰਤਾ ਵਧਾਉਣ ਲਈ ਹਿੰਸਾ ਛੱਡ ਕੇ ਖੇਡਾਂ ਦਾ ਅਸਲ ਮੁਹੱਬਤੀ ਸਨੇਹਾ ਦੇਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਅਤੇ ਸੰਦੀਪ ਦੇ ਕਾਤਲਾਂ ਨੂੰ ਬਣਦੀ ਸਜ਼ਾ ਦਵਾਉਣ ਤੱਕ ਸਰਕਾਰ ਤੇ ਦਬਾਅ ਬਣਾਈ ਰੱਖਣਾ ਚਾਹੀਦਾ ਹੈ।ਜਿਹੜੇ ਵੀ ਲੋਕ ਹਿੰਸਾ ਨੂੰ ਇਨਯਾਮ ਦੇਣ ਦਾ ਮਹੌਲ ਬਣਾਉਂਦੇ ਹਨ ਨੂੰ ਬਾਹਰ ਕਰਨਾ ਚਾਹੀਦਾ ਹੈ ਉਹ ਭਾਵੇਂ ਭੜਕਾਊ ਕੁਮੈਂਟੇਟਰ ਹੋਣ ਜਾਂ ਪੈਸੇ ਦੇ ਜੋਰ ਨਾਲ ਆਏ ਪ੍ਰਮੋਟਰ ਕਿਉਂ ਨਾ ਹੋਣ। ਕਬੱਡੀ ਵਿੱਚ ਬਾਊਂਸਰ ਕਲਚਰ ਵੀ ਖਤਮ ਹੋਣਾ ਚਾਹੀਦਾ ਹੈ ਅਤੇ ਨਸ਼ਿਆਂ ਤੇ ਮੁਕੰਮਲ ਲਗਾਮ ਲਗਣੀ ਚਾਹੀਦੀ ਹੈ।ਸੰਦੀਪ ਦੀ ਮੌਤ ਨੇ ਪੂਰੇ ਪੰਜਾਬ ਸਮੇਤ ਦੇਸ਼ ਪ੍ਰਦੇਸ਼ ਵਿੱਚ ਵਸਦੇ ਪੰਜਾਬੀਆਂ ਦੇ ਦਿੱਲ ਘਰਾਂ ਵਿੱਚ ਸੱਥਰ ਵਿਛਾ ਦਿੱਤਾ ਹੈ ਕੋਈ ਐਸੀ ਅੱਖ ਨਹੀਂ ਜੋ ਮੌਤ ਦੀ ਖਬਰ ਸੁਣ ਕੇ ਨਮ ਨਾ ਹੋਈ ਹੋਵੇ। ਕਬੱਡੀ ਪ੍ਰੇਮੀ ਇਸ ਗੱਲ ਤੋਂ ਚਿੰਤਤ ਹਨ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਕਰਕੇ ਕਿਤੇ ਕਬੱਡੀ ਬੀਤੇ ਦੀ ਗੱਲ ਨਾ ਰਹਿ ਜਾਵੇ।

> ਇਸ ਖੇਡ ਕਬੱਡੀ ਵਿੱਚ ਬਹੁਤ ਸਾਰੇ ਗਲਤ ਅਨਸਰ ਪੈਸੇ ਦੇ ਜੋਰ ਨਾਲ ਪ੍ਰਵੇਸ਼ ਹੋ ਚੁੱਕੇ ਹਨ ਉਹਨਾਂ ਵਿਚੋਂ ਬਹੁਤਿਆਂ ਦਾ ਤਾਂ ਕਬੱਡੀ ਨਾਲ ਵਾਹ ਵਾਸਤਾ ਵੀ ਨਹੀਂ ਰਿਹਾ ਉਹ ਚਾਹੇ ਪ੍ਰਮੋਟਰ ਹੋਣ ਚਾਹੇ ਕੋਚ, ਰੈਫਰੀ ਜਾਂ ਮੁੱਖ ਪ੍ਰਬੰਧਕ। ਜਦੋਂ ਕਿਸੇ ਖੇਡ ਦਾ ਪ੍ਰੇਮੀ ਨਾ ਹੋਵੇ ਤਾਂ ਉਹ ਆਪਣੀ ਫੋਕੀ ਟੋਹਰ ਤੋਂ ਬਿਨਾਂ ਖੇਡ ਦੀ ਤਰੱਕੀ ਨਹੀਂ ਕਰ ਸਕਦਾ ਏਸੇ ਕਰਕੇ ਇਹ ਖੇਡ ਹੁਣ ਗੈਂਗਸਟਰਾਂ ਧੱਕੇ ਚੜੀ ਹੋਈ ਮਾਲੂਮ ਹੁੰਦੀ ਹੈ । ਪਿਛੇ ਜਿਹੇ ਸਟਾਰ ਕਬੱਡੀ ਖਿਡਾਰੀ ਦੁੱਲੇ ਉੱਤੇ ਗੋਲੀਆਂ ਚੱਲਦੀਆਂ ਹਨ ਚੰਗੀ ਕਿਸਮਤ ਨੂੰ ਉਹਦੀ ਜਾਨ ਜਰੂਰ ਬਚ ਗਈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616



# ਪੁਲਿਸ ਨੇ ਅਸ਼ਲੀਲ ਹਰਕਤਾਂ ਕਰਨ ਵਾਲੇ ਵਿਅਕਤੀ ਦਾ ਸਕੈਚ ਜਾਰੀ ਕੀਤਾ

ਸਰੀ-ਪੁਲਿਸ ਨੇ ਇਕ ਸਕੂਲ ਨੇੜੇ ਅਸ਼ਲੀਲ ਹਰਕਤਾਂ ਕਰਨ ਲਈ ਲੋੜੀਂਦੇ ਇਕ ਵਿਅਕਤੀ ਦਾ ਸਕੈਚ ਜਾਰੀ ਕੀਤਾ ਹੈ। ਪੁਲਿਸ ਨੇ ਪਿਛਲੇ ਹਫ਼ਤੇ ਪ੍ਰਿੰਸਸ ਮਾਰਗ੍ਰੇਟ ਸੈਕੰਡਰੀ ਸਕੂਲ ਨੇੜੇ ਜੰਗਲਾਂ ਵਿਚ ਇਕ ਵਿਅਕਤੀ ਦੇ ਅਸ਼ਲੀਲ ਹਰਕਤਾਂ ਕਰਨ ਬਾਰੇ ਜਨਤਾ ਨੂੰ ਚਿਤਾਵਨੀ ਦਿੱਤੀ ਸੀ। ਇਹ ਵਿਅਕਤੀ ਸਕੂਲ ਪ੍ਰਾਪਰਟੀ ਦੇ ਦੱਖਣ ਵਿਚ ਜੰਗਲੀ ਇਲਾਕੇ ਵਿਚ ਇਸ ਸਾਲ ਤੇ ਪਿਛਲੇ ਸਾਲ ਵੱਖ ਵੱਖ ਚਾਰ ਮੌਕਿਆਂ 'ਤੇ ਦੇਖਿਆ ਗਿਆ ਸੀ। ਤਾਜ਼ਾ ਘਟਨਾ 2 ਮਾਰਚ ਦੀ ਹੈ। ਇਹ ਘਟਨਾਵਾਂ ਸਵੇਰੇ 8.20 ਤੇ 8.30 ਵਿਚਕਾਰ ਵਾਪਰੀਆਂ।




# ਰਾਜੇਵਾਲ ਅਤੇ ਚੜੂਨੀ ਦਾ ਕਿਸਾਨ ਜਥੇਬੰਦੀਆਂ ਨਾਲ ਕੋਈ ਸਬੰਧ ਨਹੀਂ-ਸੰਯੁਕਤ ਕਿਸਾਨ ਮੋਰਚਾ

ਚੰਡੀਗੜ੍ਹ-ਸੰਯੁਕਤ ਕਿਸਾਨ ਮੋਰਚਾ ਨੇ ਇੱਥੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਬਲਬੀਰ ਸਿੰਘ ਰਾਜੇਵਾਲ ਤੇ ਗੁਰਨਾਮ ਸਿੰਘ ਚੜੂਨੀ ਸਮੇਤ ਸੰਯੁਕਤ ਸਮਾਜ ਮੋਰਚਾ ਅਤੇ ਸੰਯੁਕਤ ਸੰਘਰਸ਼ ਪਾਰਟੀ ਬਣਾਉਣ ਵਾਲੀਆਂ ਕਿਸਾਨ ਜਥੇਬੰਦੀਆਂ ਤੇ ਆਗੂਆਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ 15 ਜਨਵਰੀ ਨੂੰ ਹੋਈ ਕੌਮੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਸੀ ਕਿ ਵਿਧਾਨ ਸਭਾ ਚੋਣਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਤ ਪਾਰਟੀ ਬਣਾਉਣ ਵਾਲੀ ਕੋਈ ਵੀ ਕਿਸਾਨ ਜਥੇਬੰਦੀ ਜਾਂ ਚੋਣ ਲੜਨ ਵਾਲਾ ਆਗੂ ਸੰਯੁਕਤ ਮੋਰਚੇ ਦਾ ਮੈਂਬਰ ਨਹੀਂ ਰਹੇਗਾ। ਡਾ. ਦਰਸ਼ਨ ਪਾਲ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ (ਕੱਕਾ ਜੀ), ਯੁੱਧਵੀਰ ਸਿੰਘ ਅਤੇ ਯੋਗਿੰਦਰ ਯਾਦਵ ਨੇ ਕਿਹਾ ਕਿ 21 ਮਾਰਚ ਨੂੰ ਲਖੀਮਪੁਰ ਖੀਰੀ ਦੀ ਮੀਟਿੰਗ ਵਿੱਚ ਜਿਸ ਵੀ ਆਗੂ ਨੇ ਸ਼ਮੂਲੀਅਤ ਕੀਤੀ, ਉਸ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਵਿੱਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮੋਰਚਾ ਦੋਫਾੜ ਨਹੀਂ ਹੋਇਆ ਹੈ। ਡਾ. ਦਰਸ਼ਨ ਪਾਲ ਨੇ ਕਿਹਾ ਕਿ 'ਸੰਯੁਕਤ ਸਮਾਜ ਮੋਰਚਾ' ਤੇ 'ਸੰਯੁਕਤ ਸੰਘਰਸ਼ ਪਾਰਟੀ' ਦੇ ਨਾਂ ਹੇਠ ਪਾਰਟੀਆਂ ਬਣਾਉਣ ਅਤੇ ਚੋਣਾਂ ਲੜਨ ਵਾਲੇ ਕਿਸਾਨ ਜਥੇਬੰਦੀਆਂ ਘੱਟੋ-ਘੱਟ ਅਪਰੈਲ ਤੱਕ ਸੰਯੁਕਤ ਕਿਸਾਨ ਮੋਰਚੇ ਤੋਂ ਬਾਹਰ ਹੋ ਗਈਆਂ ਸਨ।





ਫਰੰਟ ਦੀਆਂ ਹਦਾਇਤਾਂ ਅਤੇ ਚਿਤਾਵਨੀਆਂ ਦੇ ਬਾਵਜੂਦ ਚੋਣਾਂ ਲੜਨ ਵਾਲੀਆਂ ਇਨ੍ਹਾਂ ਜਥੇਬੰਦੀਆਂ ਨੂੰ ਪੰਜਾਬ ਦੇ ਕਿਸਾਨਾਂ ਵੱਲੋਂ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫਰੰਟ ਦੀ ਸੱਤ ਮੈਂਬਰੀ ਤਾਲਮੇਲ ਕਮੇਟੀ ਨੇ 14 ਮਾਰਚ ਨੂੰ ਦਿੱਲੀ ਵਿੱਚ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦੀ ਸੀ ਤਾਂ ਜੋ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦਾ ਢੰਗ ਅਤੇ ਫਰੰਟ ਦੇ ਆਉਣ ਵਾਲੇ ਪ੍ਰੋਗਰਾਮ ਬਾਰੇ ਫੈਸਲਾ ਕੀਤਾ ਜਾ ਸਕੇ ਪਰ ਮੋਰਚੇ ਦੇ ਫ਼ੈਸਲੇ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਬਲਬੀਰ ਸਿੰਘ ਰਾਜੇਵਾਲ ਤੇ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠ ਕੁਝ ਲੋਕ ਜ਼ਬਰਦਸਤੀ ਮੀਟਿੰਗ ਵਾਲੀ ਥਾਂ 'ਤੇ ਪਹੁੰਚ ਗਏ ਅਤੇ ਸਮਾਨਾਂਤਰ ਮੀਟਿੰਗ ਹਾਲ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਇਸ ਮਗਰੋਂ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਤਾਲਮੇਲ ਕਮੇਟੀ ਨੇ ਦੇਸ਼ ਭਰ ਤੋਂ ਆਏ ਵਫ਼ਦ ਨਾਲ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਮੀਟਿੰਗ ਕਰਨ ਦਾ ਫ਼ੈਸਲਾ ਕੀਤਾ। ਤਾਲਮੇਲ ਕਮੇਟੀ ਦੀ ਅਗਵਾਈ ਹੇਠ ਹੋਈ ਇਸ ਕੌਮੀ ਮੀਟਿੰਗ ਵਿੱਚ ਫਰੰਟ ਦੇ ਆਉਣ ਵਾਲੇ ਪ੍ਰੋਗਰਾਮ ਸਬੰਧੀ ਫ਼ੈਸਲੇ ਲਏ ਗਏ।

# ਅਕਾਲੀ ਦਲ ਦੀ ਨਮੋਸ਼ੀਜ਼ਨਕ ਹਾਰ ਉਪਰੰਤ ਪਾਰਟੀ ਲੀਡਰਸ਼ਿਪ ਨੂੰ ਬਦਲਣ ਦੀ ਮੰਗ

ਅੰਮ੍ਰਿਤਸਰ (ਲਾਂਬਾ)-ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀਜਨਕ ਹਾਰ ਮਗਰੋਂ ਪਾਰਟੀ ਵਿੱਚੋਂ ਹੀ ਲੀਡਰਸ਼ਿਪ ਬਦਲਾਅ ਤੇ ਪੰਥਕ ਸਰੂਪ ਦੀ ਬਹਾਲੀ ਲਈ ਮੰਗ ਉੱਠਣ ਲੱਗੀ ਹੈ। ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਦਿਖਾਏ ਗਏ ਨਰਮ ਰੁਖ਼ 'ਤੇ ਵੀ ਸਵਾਲ ਚੁੱਕੇ ਜਾ ਰਹੇ ਹਨ। ਇਸ ਮਾਮਲੇ ਸਬੰਧੀ ਕਾਂਗਰਸੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਇਕ ਪੱਤਰ ਵੀ ਭੇਜਿਆ ਹੈ। ਇਹ ਪੱਤਰ ਰਜਿਸਟਰਡ ਡਾਕ ਰਾਹੀਂ ਭੇਜਿਆ ਗਿਆ ਸੀ, ਜੋ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਪਹੁੰਚ ਚੁੱਕਿਆ ਹੈ। ਉਨ੍ਹਾਂ ਪੱਤਰ ਵਿੱਚ ਬਾਦਲ ਦਲ ਪ੍ਰਤੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿਖਾਏ ਗਏ ਵਿਸ਼ੇਸ਼ ਸਨੇਹ 'ਤੇ ਸਵਾਲ ਕਰਦਿਆਂ ਕਿਹਾ ਕਿ ਉਹ ਇਕੱਲੇ ਬਾਦਲ ਦਲ ਦਾ ਫਿਕਰ ਛੱਡ ਕੇ ਸਮੁੱਚੇ ਸਿੱਖ ਜਗਤ ਨੂੰ ਆਪਣੇ ਕਲਾਵੇ ਵਿੱਚ ਲੈਣ। ਇਸੇ ਤਰ੍ਹਾਂ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਵੀ ਪਾਰਟੀ ਦਾ ਪੰਥਕ ਸਰੂਪ ਮਨਫ਼ੀ ਕੀਤੇ ਜਾਣ ਅਤੇ ਧਾਰਮਿਕ ਮਾਮਲਿਆਂ ਵਿੱਚ ਕੀਤੀ ਜਾਂਦੀ ਬੇਲੋੜੀ ਦਖਲਅੰਦਾਜ਼ੀ ਦੇ ਮੁੱਦੇ ਉਭਾਰੇ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਜਨਰਲ ਸਕੱਤਰ ਅਤੇ ਸੀਨੀਅਰ ਅਕਾਲੀ ਆਗੂ ਕਰਨੈਲ ਸਿੰਘ ਪੰਜੋਲੀ ਨੇ ਵੀ ਦੋਸ਼ ਲਾਇਆ ਕਿ ਅਕਾਲੀ ਦਲ ਦਾ ਗੁਆਚ ਚੁੱਕਿਆ ਪੰਥਕ ਤੇ ਜਮਹੂਰੀ ਸਰੂਪ ਬਹਾਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਅਜੋਕੀਆਂ ਨੀਤੀਆਂ ਨੂੰ ਬਦਲਣ ਦੀ ਲੋੜ ਹੈ। ਇਸੇ ਤਰ੍ਹਾਂ ਪਾਰਟੀ ਲੀਡਰਸ਼ਿਪ ਦੀ ਭਰੋਸੇਯੋਗਤਾ ਨੂੰ ਬਹਾਲ ਕਰਨਾ ਵੀ ਇਕ ਵੱਡੀ ਚੁਣੌਤੀ ਹੈ, ਜਿਸ ਲਈ ਪਾਰਟੀ ਨੂੰ ਜਲਦੀ ਵੱਡੇ ਫ਼ੈਸਲੇ ਲੈਣੇ ਪੈਣਗੇ। ਸ਼੍ਰੋਮਣੀ ਕਮੇਟੀ ਦੇ ਹੀ ਇਕ ਮੈਂਬਰ ਅਤੇ ਸੀਨੀਅਰ ਆਗੂ ਬਲਦੇਵ ਸਿੰਘ ਚੂੰਘਾਂ ਨੇ ਵੀ ਆਖਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਵੀ ਆਖਿਆ ਕਿ ਉਹ ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਢਾਹ ਲੱਗਣ ਦੇ ਦੋਸ਼ ਹੇਠ ਬਾਦਲ ਪਰਿਵਾਰ ਨੂੰ ਪਾਰਟੀ ਦੇ ਮੁੱਖ ਅਹੁਦੇ ਤੋਂ ਹਟਣ ਲਈ ਕਹਿਣ। ਉਨ੍ਹਾਂ ਦੀ ਇਸ ਸਬੰਧੀ ਇਕ ਵੀਡਿਓ ਵੀ ਵਾਇਰਲ ਹੋਈ ਹੈ।



# ਮੁੱਖ ਮੰਤਰੀ ਤੋਂ ਬਾਅਦ ਮਹਿਲਾ ਵਿਧਾਇਕਾਂ ਨੇ ਚੁੱਕੀ ਸਹੁੰ

## ਰਾਣਾ ਗੁਰਜੀਤ, ਰਾਣਾ ਇੰਦਰਪ੍ਰਤਾਪ ਸਿੰਘ, ਅਸ਼ਵਨੀ ਸ਼ਰਮਾ ਤੇ ਗੁਨੀਵ ਮਜੀਠੀਆ ਰਹੇ ਗ਼ੈਰ-ਹਾਜ਼ਰ, ਤਿੰਨ ਮੈਂਬਰਾਂ ਨੇ ਹਿੰਦੀ 'ਚ ਚੁੱਕੀ ਸਹੁੰ



ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਪ੍ਰੋਟੈੱਮ ਸਪੀਕਰ ਇੰਦਰਬੀਰ ਸਿੰਘ ਨਿੱਝਰ ਨੇ 16ਵੀਂ ਵਿਧਾਨ ਸਭਾ ਦੇ ਪਲੇਠੇ ਸੈਸ਼ਨ ਦੇ ਪਹਿਲੇ ਦਿਨ ਸਦਨ ਦੇ ਮੈਂਬਰਾਂ ਨੂੰ ਵਿਧਾਇਕ ਵਜੋਂ ਹਲਫ ਦਿਵਾਇਆ। ਸਭ ਤੋਂ ਪਹਿਲਾ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਚੁੱਕੀ। ਇਸ ਮਗਰੋਂ ਸਾਰੀਆਂ ਪਾਰਟੀਆਂ ਦੀਆਂ ਮਹਿਲਾ ਵਿਧਾਇਕਾਂ ਨੂੰ ਹਲਫ ਦਿਵਾਇਆ ਗਿਆ। 'ਆਪ' ਨਾਲ ਸਬੰਧਤ ਦੋ ਦਰਜਨ ਦੇ ਕਰੀਬ ਵਿਧਾਇਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਕਸ਼ੇ ਕਦਮਾਂ ਦੇ ਚਲਦਿਆਂ ਹਲਫ ਲੈਣ ਤੋਂ ਬਾਅਦ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ। ਤਿੰਨ ਕੁ ਮੈਂਬਰਾਂ ਨੇ ਹਿੰਦੀ ਅਤੇ ਬਾਕੀ ਮੈਂਬਰਾਂ ਨੇ ਪੰਜਾਬੀ ਭਾਸ਼ਾ ਵਿੱਚ ਸਹੁੰ ਚੁੱਕੀ। ਕਾਂਗਰਸ ਦੇ ਰਾਣਾ ਗੁਰਜੀਤ ਸਿੰਘ, ਰਾਣਾ ਇੰਦਰਪ੍ਰਤਾਪ ਸਿੰਘ (ਆਜ਼ਾਦ), ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਤੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗੁਨੀਵ ਮਜੀਠੀਆ ਨੇ ਅੱਜ ਹਲਫ ਨਹੀਂ ਲਿਆ। ਇਹ ਵਿਧਾਇਕ ਸਦਨ ਦੀ ਕਾਰਵਾਈ ਦੌਰਾਨ ਗੈਰ ਹਾਜ਼ਰ ਸਨ। ਪ੍ਰੋਟੈੱਮ ਸਪੀਕਰ ਵੱਲੋਂ ਰਹਿੰਦੇ ਵਿਧਾਇਕਾਂ ਨੂੰ ਸੋਮਵਾਰ ਹਲਫ ਦਿਵਾਇਆ ਜਾਵੇਗਾ। ਪੰਜਾਬ ਵਿਧਾਨ ਸਭਾ ਦੇ ਤਿੰਨ ਰੋਜ਼ਾ ਸੈਸ਼ਨ ਦੇ ਪਹਿਲੇ ਦਿਨ ਸਦਨ ਦਾ ਅੰਦਰ ਅਤੇ ਬਾਹਰ ਦਾ ਮਾਹੌਲ ਪਹਿਲਾਂ ਨਾਲੋਂ ਕੁਝ ਵੱਖਰਾ ਸੀ। ਸੂਬੇ ਦੀ 16ਵੀਂ ਵਿਧਾਨ ਸਭਾ ਦੇ ਨਵੇਂ ਵਿਧਾਇਕਾਂ ਨੇ ਲੰਮੇ ਸਮੇਂ ਤੋਂ ਸਦਨ ਦੇ ਮੈਂਬਰ ਚਲੇ ਆ ਰਹੇ ਸਿਆਸਤਦਾਨਾਂ ਦੀ ਥਾਂ ਲੈ ਲਈ ਹੈ। ਆਮ ਆਦਮੀ ਪਾਰਟੀ ਦੇ ਨਵੇਂ ਚੁਣੇ ਵਿਧਾਇਕ ਸਦਨ ਦੇ ਬਾਹਰ ਮੁਲਾਜ਼ਮਾਂ, ਆਮ ਲੋਕਾਂ ਅਤੇ ਮੀਡੀਆ ਲਈ ਖਿੱਚ ਦੇ ਕੇਂਦਰ ਬਣੇ ਹੋਏ ਸਨ। ਸੂਬੇ ਦੀ ਵਿਧਾਨ ਸਭਾ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਵੱਡੀ ਗਿਣਤੀ ਵਿਧਾਇਕ ਪਹਿਲੀ ਵਾਰੀ ਹੀ ਸਦਨ ਦੇ ਮੈਂਬਰ ਨਹੀਂ ਬਣੇ ਸਗੋਂ ਉਹ ਵੱਖ-ਵੱਖ ਖਿੱਤਿਆਂ ਨਾਲ ਸਬੰਧਤ ਅਤੇ ਕਿੱਤਾ ਮਾਹਿਰ ਵੀ ਹਨ। ਸਦਨ ਵਿੱਚ ਪਹੁੰਚੇ ਮੁੱਖ ਮੰਤਰੀ ਸਮੇਤ 'ਆਪ' ਦੇ ਜ਼ਿਆਦਾਤਰ ਵਿਧਾਇਕਾਂ ਨੇ ਬਸੰਤੀ ਰੰਗ ਦੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ ਤੇ ਮਹਿਲਾ ਵਿਧਾਇਕਾਂ ਨੇ ਬਸੰਤੀ ਰੰਗ ਦੀਆਂ ਚੁੰਨੀਆਂ ਲਈਆਂ ਹੋਈਆਂ ਸਨ। 'ਆਪ' ਵਿਧਾਇਕਾਂ ਦੇ ਪਰਿਵਾਰਕ ਮੈਂਬਰ ਵੀ ਦਰਸ਼ਕ ਗੈਲਰੀਆਂ ਵਿੱਚ ਬੈਠੇ ਹੋਏ ਸਨ। 'ਆਪ' ਦੇ ਪਹਿਲੀ ਵਾਰੀ ਸੱਤਾ ਵਿੱਚ ਆਉਣ ਕਾਰਨ ਵਿਧਾਇਕਾਂ ਦੇ ਹਮਾਇਤੀ ਵੀ ਵੱਡੀ ਗਿਣਤੀ ਵਿਧਾਨ ਸਭਾ ਵਿੱਚ ਪਹੁੰਚੇ। ਵਿਧਾਇਕਾਂ ਦੇ ਹਮਾਇਤੀ ਵਿਧਾਨ ਸਭਾ ਦੇ ਅਮਲੇ ਨਾਲ ਕਈ ਥਾਈਂ ਉਲਝਦੇ ਵੀ ਦਿਖਾਈ ਦੇ ਰਹੇ ਸਨ। ਵਿਧਾਨ ਸਭਾ ਦੇ ਪਲੇਠੇ ਸੈਸ਼ਨ ਦਾ ਪਹਿਲਾ ਦਿਨ ਸੀ। ਇਸ ਲਈ ਸੁਰੱਖਿਆ ਅਮਲੇ ਤੇ ਵਿਧਾਨ ਸਭਾ ਦੇ ਸਟਾਫ ਨੂੰ ਵਿਧਾਇਕਾਂ ਦੀ ਪਛਾਣ ਕਰਨ ਵਿੱਚ ਵੀ ਮੁਸ਼ਕਿਲ ਆਈ ਅਤੇ ਸੁਰੱਖਿਆ ਅਮਲੇ ਵੱਲੋਂ ਪੁੱਛ ਪੜਤਾਲ ਤੋਂ ਬਾਅਦ ਹੀ ਵਿਧਾਇਕਾਂ ਨੂੰ ਅੱਗੇ ਵਧਣ ਦਿੱਤਾ ਗਿਆ। ਸਦਨ ਵਿੱਚ ਜਦੋਂ ਹਲਫ਼ਦਾਰੀ ਰਸਮ ਚੱਲ ਰਹੀ ਸੀ ਤਾਂ ਕਈ ਵਿਧਾਇਕ ਤੇ ਦਰਸ਼ਕ ਗੈਲਰੀਆਂ ਵਿੱਚ ਬੈਠੇ ਵਿਧਾਇਕਾਂ ਦੇ ਪਰਿਵਾਰਾਂ ਦੇ ਮੋਬਾਈਲ ਫੋਨ ਦੀ ਵਰਤੋਂ ਕਰਨ ਤੋਂ ਵਿਧਾਨ ਸਭਾ ਦੇ ਅਮਲੇ ਨੇ ਰੋਕਿਆ ਅਤੇ ਸਦਨ ਵਿੱਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਰਜਿਤ ਹੋਣ ਬਾਰੇ ਦੱਸਿਆ। ਆਮ ਆਦਮੀ ਪਾਰਟੀ ਦੇ ਤਕਰੀਬਨ ਸਾਰੇ ਹੀ ਵਿਧਾਇਕਾਂ ਨੇ ਸਹੁੰ ਚੁੱਕ ਲਈ ਹੈ।






*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 19 ਮਾਰਚ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8



info@amrikcheema.com

# ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸ਼ਹੀਦਾਂ ਦੀ ਧਰਤੀ ਖਟਕੜ ਕਲਾਂ ਵਿਖੇ ਹਲਫ ਲਿਆ

ਖਟਕੜ ਕਲਾਂ-ਆਮ ਆਦਮੀ ਪਾਰਟੀ (ਆਪ) ਦੇ ਦਿੱਗਜ ਆਗੂ ਅਤੇ ਵਿਧਾਨ ਸਭਾ ਹਲਕਾ ਧੂਰੀ ਤੋਂ ਵਿਧਾਇਕ ਭਗਵੰਤ ਮਾਨ ਨੇ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਉਨ੍ਹਾਂ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਮਾਨ ਨੇ ਪੰਜਾਬੀ ਵਿੱਚ ਸਹੁੰ ਚੁੱਕੀ। ਮਾਨ ਨੇ ਸਹੁੰ ਚੁੱਕਣ ਤੋਂ ਫੌਰੀ ਮਗਰੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ। ਹਲਫ਼ਦਾਰੀ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਦਿੱਲੀ ਵਜ਼ਾਰਤ ਦੇ ਮੰਤਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਭਗਵੰਤ ਮਾਨ ਨੇ ਖਟਕੜ ਕਲਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਮਾਰਕ 'ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਂਜ ਹਲਫ਼ਦਾਰੀ ਸਮਾਗਮ ਮਿੱਥੇ ਸਮੇਂ ਨਾਲੋਂ ਕਾਫੀ ਪੱਛੜ ਕੇ ਸ਼ੁਰੂ ਹੋਇਆ। ਹਲਫ਼ਦਾਰੀ ਸਮਾਗਮ ਦੀ ਕਾਰਵਾਈ ਦਾ ਸੰਚਾਲਨ ਮੁੱਖ ਸਕੱਤਰ ਅਨਿਰੁੱਧ ਤਿਵਾੜੀ ਨੇ ਕੀਤਾ। ਭਗਵੰਤ ਮਾਨ ਨੇ ਹਲਫ਼ ਲੈਣ ਮਗਰੋਂ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਤੱਕ ਪੰਜਾਬ ਦੀਆਂ ਨਵੀਆਂ ਸਰਕਾਰਾਂ ਸੂਬੇ ਦੇ ਸਟੇਡੀਅਮ ਅਤੇ ਰਾਜ ਭਵਨਾਂ ਵਿੱਚ ਹਲਫ਼ ਲੈਂਦੀਆਂ ਰਹੀਆਂ ਹਨ, ਪਰ ਅੱਜ ਉਹ ਸ਼ਹੀਦਾਂ ਦੀ ਧਰਤੀ ਉੱਤੇ ਸਹੁੰ ਚੁੱਕ ਕੇ ਖੁਸ਼ਹਾਲ ਪੰਜਾਬ ਬਣਾਉਣ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਯੋਧਿਆਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ ਹੈ, ਉਨ੍ਹਾਂ ਨੂੰ ਯਾਦ ਕਰਨਾ ਜ਼ਰੂਰੀ ਹੈ ਕਿਉਂਕਿ ਸ਼ਹੀਦਾਂ ਵੱਲੋਂ ਦਿਖਾਏ ਰਾਹ 'ਤੇ ਚਲਦੇ ਹੋਏ ਹੀ ਖੁਸ਼ਹਾਲ ਪੰਜਾਬ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਉਨ੍ਹਾਂ 'ਆਪ' ਆਗੂਆਂ/ਵਰਕਰਾਂ ਨੂੰ ਜਿੱਤ ਦਾ ਹੰਕਾਰ ਨਾ ਕਰਨ ਦੀ ਅਪੀਲ ਕਰਦਿਆਂ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਪਿਛਲੇ 70 ਸਾਲਾਂ ਤੋਂ ਮਾੜੇ ਹੱਥਾਂ 'ਚ ਰਹੀ ਤਾਕਤ ਨਾਲ ਵਿਗੜੇ ਹਾਲਾਤ ਨੂੰ ਉਹ ਕੰਮਾਂ ਨਾਲ ਠੀਕ ਕਰਨਗੇ। ਮਾਨ ਨੇ ਕਿਹਾ ਕਿ ਉਲਝੀ ਤਾਣੀ ਨੂੰ ਸੁਲਝਾਉਣ ਲਈ ਉਨ੍ਹਾਂ ਦੀ ਸਰਕਾਰ ਅੱਜ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗੀ ਅਤੇ ਇਕ ਵੀ ਦਿਨ ਬਰਬਾਦ ਨਹੀਂ ਹੋਵੇਗਾ। ਪੰਜਾਬ ਵਿੱਚ ਤਬਦੀਲੀ ਲਿਆਉਣ ਲਈ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਵਿੱਚ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਖੇਤੀ, ਵਪਾਰ, ਸਕੂਲਾਂ ਤੇ ਹਸਪਤਾਲਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਰਗੇ ਅਗਾਂਹਵਧੂ ਸੂਬੇ ਦੇ ਨੌਜਵਾਨ ਰੋਜ਼ੀ-ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਉਨ੍ਹਾਂ ਦੀ ਸਰਕਾਰ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੇ ਨਾਲ ਰੁਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ। ਉਨ੍ਹਾਂ ਪੰਜਾਬੀਆਂ ਨੂੰ ਵੀ ਅੱਗੇ ਵੱਧ ਕੇ ਸਰਕਾਰ ਦੀ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਭ੍ਰਿਸ਼ਟਾਚਾਰ ਅਤੇ ਹੋਰ ਕੁਰੀਤੀਆਂ ਦੇ ਖਾਤਮੇ ਦੇ ਨਾਲ ਰੁਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦਾ ਪ੍ਰਣ ਦੁਹਰਾਇਆ।




## ਭਗਵੰਤ ਮਾਨ ਦਾ ਸਹੁੰ ਚੁੱਕ ਸਮਾਗਮ ਤਿੰਨ ਕਰੋੜ 'ਚ ਪਿਆ

ਖਟਕੜ ਕਲਾਂ-ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਲਫ਼ ਦਿਵਾਉਣ ਲਈ ਰੱਖਿਆ ਸਮਾਗਮ ਪੰਜਾਬ ਸਰਕਾਰ ਨੂੰ ਤਿੰਨ ਕਰੋੜ ਰੁਪਏ ਵਿੱਚ ਪਿਆ ਹੈ। ਹਲਫ਼ਦਾਰੀ ਸਮਾਗਮ ਕੁੱਲ ਮਿਲਾ ਦੇ 17 ਮਿੰਟਾਂ ਵਿੱਚ ਨਿੱਬੜ ਗਿਆ। ਅਹੁਦੇ ਦੇ ਭੇਤ ਗੁਪਤ ਰੱਖਣ ਲਈ ਰਸਮੀ ਸਹੁੰ ਚੁੱਕਣ ਨੂੰ ਮਹਿਜ਼ ਪੰਜ ਮਿੰਟ ਲੱਗੇ। ਦੋ ਮਿੰਟ ਦਸਤਾਵੇਜ਼ੀ ਕਾਰਵਾਈ 'ਤੇ ਲੱਗੇ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਮੰਚ ਤੋਂ ਹੇਠਾਂ ਉੱਤਰਨ ਮਗਰੋਂ ਭਗਵੰਤ ਮਾਨ ਨੇ ਆਪਣੀ ਤਕਰੀਰ ਲਈ ਦਸ ਮਿੰਟ ਲਏ। ਸਮਾਗਮ ਤੈਅ ਸਮੇਂ ਤੋਂ ਘੰਟਾ ਦੇਰੀ ਨਾਲ ਸ਼ੁਰੂ ਹੋਇਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਤਰਜਮਾਨ ਦਲਜੀਤ ਸਿੰਘ ਚੀਮਾ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਮੌਕੇ ਵੀ ਹਲਫ਼ਦਾਰੀ ਸਮਾਗਮ ਰਾਜ ਭਵਨ ਤੋਂ ਬਾਹਰ ਹੁੰਦੇ ਰਹੇ ਹਨ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MES MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਨਵਜੋਤ ਸਿੱਧੂ ਵੱਲੋਂ ਪ੍ਰਧਾਨਗੀ ਤੋਂ ਅਸਤੀਫ਼ਾ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹ ਸਿਰਫ਼ ਅੱਠ ਮਹੀਨੇ ਹੀ ਪ੍ਰਧਾਨਗੀ ਦੇ ਅਹੁਦੇ 'ਤੇ ਰਹੇ। ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਸੂਬਾਈ ਚੋਣਾਂ ਵਿਚ ਪਾਰਟੀ ਦੀ ਹੋਈ ਹਾਰ ਮਗਰੋਂ ਪੰਜਾਬ ਸਮੇਤ ਪੰਜ ਸੂਬਿਆਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ ਸਨ। ਸਿੱਧੂ ਨੇ ਅੱਜ ਟਵੀਟ ਕਰਕੇ ਕਿਹਾ ਕਿ ਉਹ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਰਹੇ ਹਨ। ਸਿੱਧੂ ਨੇ 18 ਜੁਲਾਈ ਨੂੰ ਕਾਂਗਰਸ ਦੀ ਪ੍ਰਧਾਨਗੀ ਸੰਭਾਲੀ ਸੀ। ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਨਮੋਸ਼ੀਜਨਕ ਹਾਰ ਮਿਲੀ ਹੈ। ਇੱਥੋਂ ਤੱਕ ਕਿ ਅੰਮ੍ਰਿਤਸ+ਰ ਪੂਰਬੀ ਸੀਟ ਤੋਂ ਉਹ ਖ਼ੁਦ ਵੀ ਚੋਣ ਹਾਰ ਗਏ ਹਨ। ਚੋਣਾਂ 'ਚ ਮਿਲੀ ਹਾਰ ਮਗਰੋਂ ਹੀ ਕਾਂਗਰਸੀ ਆਗੂਆਂ ਨੇ ਨਵਜੋਤ ਸਿੱਧੂ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਸੀ। ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਨੇ ਪ੍ਰਧਾਨਗੀ ਸੰਭਾਲਣ ਤੋਂ 72 ਦਿਨਾਂ ਮਗਰੋਂ ਹੀ 28 ਸਤੰਬਰ ਨੂੰ ਅਚਨਚੇਤ ਹੀ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਦੀ ਨਾਰਾਜ਼ਗੀ ਡੀਜੀਪੀ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਨੂੰ ਲੈ ਕੇ ਸੀ। ਕਾਂਗਰਸ ਹਾਈਕਮਾਨ ਨੇ ਸੁਨੀਲ ਜਾਖੜ ਤੋਂ ਪ੍ਰਧਾਨਗੀ ਖੋਹ ਕੇ ਸਿੱਧੂ ਦੀ ਝੋਲੀ ਪਾਈ ਸੀ। ਕਾਂਗਰਸ ਅੰਦਰ ਚੋਣਾਂ ਤੋਂ ਪਹਿਲਾਂ ਦਾ ਕਲੇਸ਼ ਲਗਾਤਾਰ ਚੱਲ ਰਿਹਾ ਹੈ। ਤਤਕਾਲੀ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਨਵਜੋਤ ਸਿੱਧੂ ਦੇ ਸੁਰ ਕਦੇ ਵੀ ਮਿਲੇ ਨਹੀਂ ਸਨ। ਹੁਣ



ਨਵਜੋਤ ਸਿੱਧੂ ਦੇ ਸਿਆਸੀ ਭਵਿੱਖ ਨੂੰ ਲੈ ਕੇ ਕਈ ਤਰ੍ਹਾਂ ਦੇ ਚਰਚੇ ਛਿੜ ਗਏ ਹਨ। ਸਿੱਧੂ ਦੇ ਸਿਆਸੀ ਕਰੀਅਰ 'ਤੇ ਇੱਕ ਤਰ੍ਹਾਂ ਨਾਲ ਸੁਆਲੀਆ ਨਿਸ਼ਾਨ ਲੱਗਦਾ ਨਜ਼ਰ ਆ ਰਿਹਾ ਹੈ। ਉਸ ਕੋਲ ਹੁਣ ਕੋਈ ਬਦਲ ਵੀ ਨਹੀਂ ਬਚਿਆ ਹੈ। ਉਹ ਭਾਜਪਾ ਨੂੰ ਪਹਿਲਾਂ ਹੀ ਅਲਵਿਦਾ ਆਖ ਚੁੱਕੇ ਸਨ ਅਤੇ ਬਾਦਲ ਪਰਿਵਾਰ ਨਾਲ ਛੱਤੀ ਦਾ ਅੰਕੜਾ ਹੈ। 'ਆਪ' ਵੱਲੋਂ ਵੀ ਹੁਣ ਸਿੱਧੂ ਨੂੰ ਆਪਣੇ ਨੇੜੇ ਲਾਉਣ ਦੀ ਸੰਭਾਵਨਾ ਨਹੀਂ ਹੈ। ਸਿੱਧੂ ਦੇ ਅਸਤੀਫ਼ੇ ਮਗਰੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਲਈ ਦੌੜ ਵੀ ਸ਼ੁਰੂ ਹੋ ਗਈ ਹੈ। ਸੁਖਜਿੰਦਰ ਸਿੰਘ ਰੰਧਾਵਾ, ਰਵਨੀਤ ਬਿੱਟੂ, ਰਾਜਾ ਵੜਿੰਗ ਅਤੇ ਭਾਰਤ ਭੂਸ਼ਨ ਆਸ਼ੂ ਵੀ ਪ੍ਰਧਾਨਗੀ ਦੇ ਚਾਹਵਾਨ ਹਨ।

## ਨਵਜੋਤ ਸਿੱਧੂ ਨੇ ਭਗਵੰਤ ਮਾਨ ਨੂੰ ਵਾਅਦੇ ਚੇਤੇ ਕਰਵਾਏ

ਚੰਡੀਗੜ੍ਹ-ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋ ਅਸਤੀਫਾ ਦੇਣ ਵਾਲੇ ਨਵਜੋਤ ਸਿੱਧੂ ਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਟਵੀਟ ਕਰਕੇ ਚੇਤੇ ਕਰਵਾਇਆ ਕਿ ਲੋਕਾਂ ਦੀਆਂ ਉਨ੍ਹਾਂ ਤੋਂ ਬਹੁਤ ਉਮੀਦਾ ਹਨ ਤੇ ਉਨ੍ਹਾਂ ਨੇ ਮਾਫੀਆ ਰਾਜ ਖਤਮ ਕਰਨ ਦਾ ਜੋ ਵਾਅਦਾ ਕੀਤਾ ਹੈ ਉਸ ਦੀ ਲੋਕ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਆਸ ਹੈ ਕਿ ਨਵੇਂ ਮੁੱਖ ਮੰਤਰੀ ਨੇ ਜੋ ਵਾਅਦੇ ਤੇ ਦਾਅਵੇ ਕੀਤੇ ਹਨ ਉਸ ਨਾਲ ਪੰਜਾਬ ਖੁਸ਼ਹਾਲੀ ਦੇ ਰਾਹ ਪਵੇਗਾ।

## ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਲੈਣ ਤੋਂ ਕੀਤਾ ਇਨਕਾਰ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਵਜੋਂ ਆਪਣੀ ਪੈਨਸ਼ਨ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਹੈ। ਪੰਜਾਬ ਸਰਕਾਰ ਅਤੇ ਵਿਧਾਨ ਸਭਾ ਸਪੀਕਰ ਨੂੰ ਸੰਬੋਧਿਤ ਕੀਤੇ ਟਵੀਟ ਵਿੱਚ ਅਕਾਲੀ ਦਲ ਦੇ ਸਰਪ੍ਰਸਤ ਨੇ ਕਿਹਾ ਕਿ ਸਾਬਕਾ ਵਿਧਾਇਕ ਵਜੋਂ ਉਨ੍ਹਾਂ ਦੀ ਜੋ ਵੀ ਪੈਨਸ਼ਨ ਜਮ੍ਹਾਂ ਹੈ, ਉਹ ਲੋਕ ਭਲਾਈ @ਤੇ ਖਰਚ ਕੀਤੀ ਜਾਣੀ ਚਾਹੀਦੀ ਹੈ ਅਤੇ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਨੂੰ ਨਹੀਂ ਭੇਜੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਰਸਮੀ ਬੇਨਤੀ ਵੱਖਰੇ ਤੌਰ @ਤੇ ਭੇਜੀ ਜਾ ਰਹੀ ਹੈ।

## ਮਨਪ੍ਰੀਤ ਇਯਾਲੀ ਅਕਾਲੀ ਦਲ ਵਿਧਾਇਕ ਦਲ ਦੇ ਆਗੂ ਤੇ ਡਾ ਸੁੱਖੀ ਚੀਫ ਵਿਪ ਨਿਯੁਕਤ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਮਨਪ੍ਰੀਤ ਸਿੰਘ ਅਯਾਲੀ ਨੂੰ ਪੰਜਾਬ ਅਸੈਂਬਲੀ ਵਿੱਚ ਪਾਰਟੀ ਦੇ ਵਿਧਾਇਕ ਦਲ ਦਾ ਆਗੂ ਨਿਯੁਕਤ ਕੀਤਾ ਹੈ। ਇਸੇ ਤਰ੍ਹਾਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਨੂੰ ਮੁੱਖ ਵ੍ਹਿਪ ਥਾਪਿਆ ਗਿਆ ਹੈ। ਅਯਾਲੀ ਜਿੱਥੇ ਦਾਖ਼ਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ, ਉਥੇ ਸੁਖਵਿੰਦਰ ਬੰਗਾ ਤੋਂ ਦੂਜੀ ਵਾਰ ਵਿਧਾਇਕ ਚੁਣੇ ਗਏ ਹਨ। ਸ਼੍ਰੋਮਣੀ ਅਕਾਲੀ ਦਲ 117 ਮੈਂਬਰੀ ਪੰਜਾਬ ਅਸੈਂਬਲੀ ਵਿੱਚ ਐਤਕੀਂ ਤਿੰਨ ਸੀਟਾਂ ਜਿੱਤਣ ਵਿੱਚ ਹੀ ਸਫ਼ਲ ਰਿਹਾ ਸੀ।

## ਮੋਦੀ ਵੱਲੋਂ ਮਾਨ ਨੂੰ ਪੰਜਾਬ ਦੇ ਵਿਕਾਸ ਲਈ ਮਿਲ ਕੇ ਕੰਮ ਕਰਨ ਦਾ ਸੱਦਾ

ਨਵੀਂ ਦਿੱਲੀ (ਦਿਓਲ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਹਲਫ਼ ਲੈਣ ਲਈ ਵਧਾਈ ਦਿੰਦਿਆਂ ਸੂਬੇ ਦੇ ਵਿਕਾਸ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਹੈ। ਸ੍ਰੀ ਮੋਦੀ ਨੇ ਮਾਨ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਦੇ ਵਿਕਾਸ ਤੇ ਇਥੋਂ ਦੇ ਲੋਕਾਂ ਦੀ ਭਲਾਈ ਲਈ ਮਿਲ ਕੇ ਕੰਮ ਕਰਨਗੇ। ਸ੍ਰੀ ਮੋਦੀ ਨੇ ਟਵੀਟ ਕੀਤਾ, "ਸ੍ਰੀ ਭਗਵੰਤ ਮਾਨ ਜੀ ਪੰਜਾਬ ਦੇ ਮੁੱਖ ਮੰਤਰੀ ਵਜੋਂ ਹਲਫ਼ ਲੈਣ 'ਤੇ ਵਧਾਈ। ਪੰਜਾਬ ਦੀ ਤਰੱਕੀ ਤੇ ਸੂਬੇ ਦੇ ਲੋਕਾਂ ਦੀ ਭਲਾਈ ਮਿਲ ਕੇ ਕੰਮ ਕਰਾਂਗੇ।"

## ਬਾਇਡਨ ਵੱਲੋਂ ਪੁਤਿਨ ਜੰਗੀ ਅਪਰਾਧੀ ਕਰਾਰ

ਵਾਸ਼ਿੰਗਟਨ-ਯੂਕਰੇਨ ਦੇ ਨਾਗਰਿਕਾਂ ਉੱਤੇ ਰੂਸ ਦੇ ਹਮਲੇ ਦੇ ਮੱਦੇਨਜ਼ਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨੂੰ ਜੰਗੀ ਅਪਰਾਧੀ ਕਰਾਜ ਦਿੱਤਾ ਹੈ। ਸ੍ਰੀ ਬਾਇਡਨ ਨੇ ਵ੍ਹਾਈਟ ਹਾਊਸ ਵਿਚ ਸਮਾਰੋਹ ਦੌਰਾਨ ਪੱਤਰਕਾਰਾਂ ਨੂੰ ਕਿਹਾ ਮੈਨੂੰ ਲੱਗਦਾ ਹੈ ਕਿ ਉਹ (ਪੂਤਿਨ) ਜੰਗੀ ਅਪਰਾਧੀ ਹੈ।

AVERAGE HOME VALUES ARE INCREASING IN YOUR AREA
FIND OUT WHAT YOUR HOME IS WORTH NOW!



SARBAT
REAL ESTATE SERVICES LTD.
BUY OR SELL.. MAY EVERYONE PROSPER



Mandeep Rai PREC*
(604) 300-7724
mrai@mandeeprai.ca

Prabhjot Kaur
(236) 332-4443
soldbyprabhjot@gmail.com

www.sarbatrealestate.com

**14339 60 Avenue** **$2,100,000**




DEVELOPMENT POTENTIAL with this 9,463 sqft lot since this and the neighbour two properties are already surrounded by townhouse developments on each side! The current home on the property is a gorgeous 2 storey w/basement with beautiful Newer kitchen, oak hardwood flooring, built-in hardwood cabinetry throughout, and more! 2 big bedrooms up, bedroom on main, and another in the basement. Finished basement w/separate entry. Super private fenced yard with 3 decks one is fully covered! Won't last!

**308 3768 Hastings St.** **$575,000**




Open House Sat & Sun March 12 & 13, 2022

Welcome to this beautiful corner unit with great daylight exposure. Great convenience in one of Burnaby's hottest neighbourhoods, the HEIGHTS. This spacious North East facing CORNER suite is a steal! Featuring this secured building w one parking, one storage locker and convenient services on 1st floor. Plus in-suite laundry with dark engineered floors & large balcony. On direct bus route to downtown. Perfect for an investor, first time buyer or the downsizer who needs to be close to the city without the high traffic of Downtown. Amazing investment property to hold, or move in and enjoy this much loved neighbourhood. 15 min to Downtown, 10 min to Brentwood, close to BCIT walk to PNE & shops/restaurants/cafes.

**#603 11910 80 Ave** **$425,000**




Popular Chancellor Place! Welcome to North Delta's concrete high rise. This large (1387 sqft ) corner & Bright two bedroom offers breathtaking views east to the South side, Mountains and stunning Sunrises! A well maintained unit in a well maintained proactive complex with lots of social activities including exercise room, activity/meeting room and indoor heated pool. A super convenient location within a short distance to shopping, transit, banks, pubs & restaurants. So many pluses in a worry free with secure underground parking plus 2 storage locker included.

**7170 129A Street** **$1,485,000**




Amazing location! Welcome to this beautiful house in the heart of Newton. This one features 3 bedrooms, perfect for growing family including one bedroom unauthorized suite. A quiet & private yard to enjoy summers. Renovated in 2018 with New paint, Appliances and kitchen Counter tops. Being a central location it is close to all the amenities like transit, shopping and schools. Come by for Open house on Jan 29 & 30, 2-4 pm by appointment and make this beautiful home your dream home.

**11451 95 Avenue** **$1,295,000**




Lovely well maintained 3 bedroom rancher located in Annieville, minutes to schools and transportation routes into the city. 7590 square foot lot with 66' of frontage. Occupy or rent out while you are planning your new home. Showings start November 20. Showings times will be Saturday 1-4:30 by appointment and Sunday November 21, 1-4pm OPEN HOUSE by appt. November 22, 23 and 24 by appt only. Offers will be considered the morning of Thursday November 25. Call for full details on property.

**7622 140 Street** **$1,475,000**




Residential Detached 6 bedrooms: 5 full baths: 3,400 sqft house sitting on 7200 sqft rectangular lot, Recently added with all professionals renovations. Huge Master bedroom with ensuite and walk-in-closet. Professionals work 3 basement unauthorized suits 1 bedroom each for additional Rental Income. Close to Elementary & Secondary schools, Parks, Surrey Temple, Transit, Recreation center and much more. Keep it as an investment or live in.

**#111 - 13628 81A Ave.** **$425,000**




Condo for Sale In Surrey

**8296 153B Street** **$1,830,000**




Location! Location!Location! Welcome to this gorgeous home in a nice and quiet Fleetwood neighbourhood. This home features 2 storey With 8 bedrooms including 2+2 bed rental Suites. Master bedroom with full ensuite & huge walk in closet. A skylight over the staircase. 2 storage sheds. Quick access to highways. Walk to Fleetwood Park Secondary School and Elementary School and close to shopping, library, community centre, parks, golf, bus stop and other amenities.

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*


# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਉਠਾਇਆ



ਚੰਡੀਗੜ੍ਹ-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣਦਿਆਂ ਹੀ ਪੰਜਾਬ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੇ ਮੁੱਦੇ ’ਤੇ ਘੇਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਨਵੀਂ ਸਰਕਾਰ ਬਣਨ ਨਾਲ ਹੁਣ ਪੰਜਾਬ ਦੀ ਦੋਹਰੀ ਜਵਾਬਦੇਹੀ ਬਣ ਗਈ ਹੈ। ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਤੋਂ ਪਾਣੀ ਲੈਣਾ ਚਾਹੁੰਦੇ ਹਨ ਅਤੇ ਦਿੱਲੀ ਨੂੰ ਪਾਣੀ ਦੇਣਾ ਚਾਹੁੰਦੇ ਹਨ। ਦੋਵਾਂ ਸੂਬਿਆਂ ਵਿੱਚ ਇਕੋ ਪਾਰਟੀ ਦੀ ਸਰਕਾਰ ਹੋਣ ਕਰਕੇ ਐੱਸਵਾਈਐੱਲ ਬਾਰੇ ‘ਆਪ’ ਦੀ ਜਵਾਬਦੇਹੀ ਵਧ ਗਈ ਹੈ ਤੇ ਇਸ ਨੂੰ ਜਲਦ ਐੱਸਵਾਈਐੱਲ ਬਾਰੇ ਸੋਚਣਾ ਚਾਹੀਦਾ ਹੈ। ਸ੍ਰੀ ਖੱਟਰ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਮਾਡਲ ਨੂੰ ਪੰਜਾਬ ਅਤੇ ਹੋਰਨਾਂ ਸੂਬਿਆਂ ਵਿੱਚ ਲਾਗੂ ਕਰਨ ਦੀਆਂ ਗੱਲਾਂ ਕਰ ਰਹੇ ਹਨ ਪਰ ਦਿੱਲੀ ਮਾਡਲ ਦਾ ਮੁਕਾਬਲਾ ਹਰਿਆਣਾ ਨਾਲ ਨਹੀਂ ਕੀਤਾ ਜਾ ਸਕਦਾ। ਦਿੱਲੀ ਵਿੱਚ 1100 ਸਰਕਾਰੀ ਸਕੂਲ ਹਨ, ਜਦੋਂ ਕਿ ਹਰਿਆਣਾ ਵਿੱਚ 15 ਹਜ਼ਾਰ ਸਰਕਾਰੀ ਸਕੂਲ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਖੇਤੀ ਹੇਠ ਰਕਬਾ ਹਰਿਆਣਾ ਮੁਕਾਬਲੇ ਬਹੁਤ ਘੱਟ ਹੈ ਕਿਉਂਕਿ ਹਰਿਆਣਾ ਵਿੱਚ 80 ਲੱਖ ਏਕੜ ਜ਼ਮੀਨ ਖੇਤੀ ਅਧੀਨ ਹੈ। ਇਸੇ ਤਰ੍ਹਾਂ ਹੋਰਨਾਂ ਖੇਤਰਾਂ ਵਿੱਚ ਵੀ ਅਜਿਹੇ ਹਾਲਾਤ ਹੀ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਦਾ ਮੁਕਾਬਲਾ ਪੰਜਾਬ ਨਾਲ ਜ਼ਰੂਰ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਵਿੱਚ ਲੋਕ ਪੱਖੀ ਯੋਜਨਾਵਾਂ ਘਰ-ਘਰ ਤੱਕ ਪਹੁੰਚਾਉਣ ਦਾ ਕੰਮ ਕਰ ਰਹੀ ਹੈ। ਸੂਬੇ ਵਿੱਚ ਸ਼ੁਰੂ ਕੀਤੇ ਗਏ ਪਰਿਵਾਰ ਪਛਾਣ ਪੱਤਰ ਰਾਹੀਂ ਹਰ ਕਿਸੇ ਦੀ ਜਾਣਕਾਰੀ ਸਰਕਾਰ ਕੋਲ ਪਹੁੰਚ ਗਈ ਹੈ, ਜਿਸ ਦੇ ਚਲਦਿਆਂ 60 ਸਾਲ ਪੂਰੇ ਕਰਨ ਵਾਲੇ ਲੋਕਾਂ ਦੀ ਪੈਨਸ਼ਨ ਖੁਦ ਸ਼ੁਰੂ ਕਰ ਦਿੱਤੀ ਜਾਂਦੀ ਹੈ।

# ਚੰਗੇ ਸਮਾਜ ਦੀ ਸਿਰਜਣਾ ਲਈ ਜਾਤੀ ਪ੍ਰਥਾ ਦਾ ਖਾਤਮਾ ਜ਼ਰੂਰੀ-ਅਰੁੰਧਤੀ ਰਾਏ



ਪਟਿਆਲਾ-ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ ਪੁੱਜੇ ਕੌਮਾਂਤਰੀ ਲੇਖਿਕਾ ਤੇ ਸਮਾਜਿਕ ਕਾਰਕੁਨ ਅਰੁੰਧਤੀ ਰਾਏ ਨੇ ਆਖਿਆ ਕਿ ਆਧੁਨਿਕ ਯੁਗ ’ਚ ਨਿੱਗਰ ਤੇ ਉਸਾਰੂ ਸਮਾਜ ਦੀ ਸਿਰਜਣਾ ਦੀਆਂ ਬਾਤਾਂ ਪੈਣ ਲੱਗੀਆਂ ਹਨ, ਪਰ ਇਹ ਰੂਪ ਹਕੀਕੀ ਨਹੀਂ ਹੈ ਕਿਉਂਕਿ ਜਾਤ ਪ੍ਰਥਾ ਦਾ ਪ੍ਰਕੋਪ ਹਾਲੇ ਵੀ ਸਮਾਜ ਵਿੱਚ ਬਰਕਰਾਰ ਹੈ। ਉਨ੍ਹਾਂ ਆਖਿਆ ਕਿ ਚੰਗੇ ਸਮਾਜ ਦੀ ਸਿਰਜਣਾ ਜਾਤ ਪ੍ਰਥਾ ਦੇ ਖ਼ਾਤਮੇ ਤੋਂ ਬਗੈਰ ਨਹੀਂ ਹੋ ਸਕਦੀ। ਇਹ ਸਮਾਗਮ ਯੂਨੀਵਰਸਿਟੀ ਦੇ ਐਜੂਕੇਸ਼ਨਲ ਮਲਟੀ ਮੀਡੀਆ ਰਿਸਰਚ ਸੈਂਟਰ ਵੱਲੋਂ ਕਰਵਾਇਆ ਗਿਆ ਜਿਥੇ ਵਿਭਾਗ ਦੇ ਡਾਇਰੈਕਟਰ ਦਲਜੀਤ ਅਮੀ ਨੇ ਲੇਖਿਕਾ ਨਾਲ ਸੰਵਾਦ ਰਚਾਇਆ। ਲੇਖਿਕਾ ਅਰੁੰਧਤੀ ਰਾਏ ਨੇ ਜਾਤ, ਧਰਮ ਅਤੇ ਭਾਸ਼ਾ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਆਪਸੀ ਇੱਕਜੁੱਟਤਾ ਦੀ ਲੋੜ ’ਤੇ ਜ਼ੋਰ ਦਿੱਤਾ। ਕਿਸਾਨੀ ਸੰਘਰਸ਼ ਦੌਰਾਨ ਪੰਜਾਬੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਨੇ ਇੱਕ ਉਮੀਦ ਪੈਦਾ ਕੀਤੀ ਹੈ ਤੇ ਅਵਾਮ ਨੂੰ ਦੱਸਿਆ ਹੈ ਕਿ ਆਪਣੇ ਹੱਕਾਂ ਲਈ ਹਕੂਮਤ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਦੇਸ਼ ਨੂੰ ਸਿਰਫ਼ ਚਾਰ ਲੋਕ ਚਲਾ ਰਹੇ ਹਨ, ਜਿਨ੍ਹਾਂ ਵਿੱਚੋਂ ਦੋ ਖਰੀਦਦਾਰੀ ਤੇ ਦੋ ਵੇਚਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਮੁੱਖ ਧਾਰਾ ਦੇ ਮੀਡੀਆ ਸਣੇ ਸੂਬੇ ਦੀ ਬਹੁਤੀ ਮਸ਼ੀਨਰੀ ਦੁਰਵਰਤੋਂ ਦੇ ਰਾਹ ਪਾ ਦਿੱਤੀ ਗਈ ਹੋਵੇ ਤਾਂ ਲੋਕਾਂ ਦਾ ਜਮਹੂਰੀਅਤ ਵਿੱਚ ਭਰੋਸਾ ਕਾਇਮ ਰਹਿਣਾ ਮੁਸ਼ਕਲ ਹੈ।




FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY $20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY $778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge. Try offer.
ASKING ONLY $799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

ਬੀ.ਸੀ. ਦਾ ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ

99% ਤੋਂ ਵਧੇਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਛੋਟ ਹੈ

ਪਰ ਤੁਹਾਨੂੰ ਅਜੇ ਵੀ ਘੋਸ਼ਣਾ ਕਰਨੀ ਪਵੇਗੀ



ਬੀਸੀ ਦੇ ਸੱਟੇਬਾਜ਼ੀ ਅਤੇ ਖਾਲੀ ਘਰਾਂ ਦੇ ਟੈਕਸ ਦੀ ਘੋਸ਼ਣਾ ਪੂਰੀ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ।

ਭਾਂਵੇ ਸਾਰੇ ਮਕਾਨ ਮਾਲਕਾਂ ਲਈ ਇਸਦੀ ਘੋਸ਼ਣਾ ਕਰਨਾ ਜ਼ਰੂਰੀ ਹੈ, ਬ੍ਰਿਟਿਸ਼ ਕੋਲੰਬੀਆ ਦੇ 99% ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਨਹੀਂ ਕਰਨੀ ਪਵੇਗੀ। ਇਹ ਟੈਕਸ ਮੈਟਰੋ ਵੈਨਕੂਵਰ ਵਿੱਚ 18,000 ਕੌਂਡੋ ਸਮੇਤ, ਖਾਲੀ ਘਰਾਂ ਨੂੰ ਲੋਕਾਂ ਲਈ ਰਿਹਾਇਸ਼ਾਂ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ ਅਤੇ ਕਿਫਾਇਤੀ ਰਿਹਾਇਸ਼ਾਂ ਨੂੰ ਫੰਡ ਕਰਦਾ ਹੈ।

ਹੋਮਜ਼ ਫੌਰ ਬੀਸੀ ਯੋਜਨਾ ਦੇ ਤਹਿਤ ਪੂਰੇ ਬੀਸੀ ਵਿੱਚ 32,000 ਕਿਫਾਇਤੀ ਘਰ ਮੁਕੰਮਲ ਹੋ ਗਏ ਹਨ ਜਾਂ ਉਸਾਰੀ ਅਧੀਨ ਹਨ।

**31 ਮਾਰਚ , 2022** ਤੱਕ **gov.bc.ca/spectax** ’ਤੇ ਜਾਂ ਟੋਲ ਫ੍ਰੀ **1-833-554-2323** ’ਤੇ ਫੋਨ ਕਰਕੇ ਰਜਿਸਟਰ ਕਰੋ।

ਘਰਾਂ ਨੂੰ ਵਧੇਰੇ ਕਿਫਾਇਤੀ ਬਣਾਉਣਾ

BRITISH COLUMBIA

# ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਸਾਰੇ ਸ਼ਹਿਰਾਂ ਵਿਚ ਯੂਨਿਟ ਉਸਾਰਨ ਲਈ ਅਪੀਲ

ਸਰੀ (ਹਰਦਮ ਮਾਨ)-ਤਰਕਸ਼ੀਲ (ਰੈਸ਼ਨਲਿਸਟ ) ਸੁਸਾਇਟੀ ਕੈਨੇਡਾ ਵੱਲੋਂ ਬਾਈ ਅਵਤਾਰ ਕੋਆਰਡੀਨੇਟਰ ਦੀ ਦੇਖ ਰੇਖ ਹੇਠ ਇਕ ਜ਼ੂਮ ਮੀਟਿੰਗ ਹੋਈ ਜਿਸ ਵਿੱਚ ਕੈਲਗਿਰੀ, ਐਡਮਿੰਟਨ, ਵਿਨੀਪੈੱਗ ਅਤੇ ਮੌਂਟਰੀਅਲ ਆਦਿ ਸ਼ਹਿਰਾਂ ਵਿਚ ਸੁਸਾਇਟੀ ਦੇ ਯੂਨਿਟ ਸਥਾਪਿਤ ਕਰਨ ਲਈ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿਚ ਕੈਲਗਿਰੀ, ਐਡਮਿੰਟਨ ਅਤੇ ਵੈਨਕੂਵਰ ਦੇ ਸਾਥੀ ਸ਼ਾਮਲ ਹੋਏ। ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਸੁਸਾਇਟੀ ਦੇ ਯੂਨਿਟ ਹਰ ਸ਼ਹਿਰ ਵਿਚ ਸਥਾਪਿਤ ਕੀਤੇ ਜਾਣ ਦੀ ਲੋੜ ਨੂੰ ਵਾਜਿਬ ਕਹਿੰਦਿਆਂ ਫਿਕਰ ਜ਼ਾਹਿਰ ਕੀਤਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਪਿਛਲੇ 25 ਸਾਲਾਂ ਤੋਂ ਲਗਾਤਾਰ ਜਾਗਰੂਕ ਕਰਨ ਦੇ ਬਾਵਜੂਦ ਕੈਨੇਡਾ ਵਿੱਚ ਅੰਧਵਿਸ਼ਵਾਸ਼, ਜੋਤਿਸ਼ , ਤੰਤਰ ਵਿੱਦਿਆ, ਨਗ ਧਾਰਨ, ਜਾਦੂ ਟੂਣਾ ਇਤਿਆਦਿਕ ਤੋਂ ਬਿਨਾ ਪੀਰ ਸਾਹਿਬ ਆਦਿ ਦਾ ਧੰਦਾ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਇਹ ਕਥਿਤ ਲੁਟੇਰੇ ਹਰ ਤਰ੍ਹਾਂ ਦੇ ਵਿਗੜੇ ਹੋਏ ਕੰਮ ਅਤੇ ਪਰਿਵਾਰਿਕ ਮਸਲਿਆਂ ਤੋਂ ਇਲਾਵਾ ਭਿਆਨਕ ਬਿਮਾਰੀਆਂ, ਸਾਡੇ ਕੋਰਟ ਕਚਿਹਰੀਆਂ ਦੇ ਕੇਸ ਅਤੇ ਇਮੀਗ੍ਰੇਸ਼ਨ ਦੇ ਕੇਸ ਵੀ ਮਿੰਟਾਂ ਵਿਚ ਹੱਲ ਕਰਨ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ ਤੇ ਲੋਕਾਂ ਦੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਤੱਕ ਕਰਦੇ ਹਨ। ਮੀਟਿੰਗ ਵਿਚ ਕੈਨੇਡਾ ਦੇ ਹਰ ਸ਼ਹਿਰ ਵਿਚ ਸੁਸਾਇਟੀ ਦਾ ਯੂਨਿਟ ਸਥਾਪਿਤ ਕਰਨ ਲਈ ਸੁਸਾਇਟੀ ਵੱਲੋਂ ਇਕ ਅਪੀਲ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਤਾਂ ਕਿ ਇਸ ਮਕਸਦ ਲਈ ਯੋਗਦਾਨ ਪਾਉਣ ਦੇ ਇਛੁੱਕ ਵਚਨਬੱਧ ਸਮਾਜਿਕ ਕਾਰਕੁਨ ਅੱਗੇ ਆਉਣ ਅਤੇ ਸੁਸਾਇਟੀ ਦਾ ਹਿੱਸਾ ਬਣਨ। ਵਿਨੀਪੈੱਗ ਅਤੇ ਮੌਂਟਰੀਅਲ ਵਾਲੇ ਸਾਥੀ ਇਸ ਮਸਲੇ ਤੇ ਸਹਿਮਤੀ ਪਹਿਲਾਂ ਹੀ ਦੇ ਚੁੱਕੇ ਹਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸੁਸਾਇਟੀ ਦੀ ਕੌਮੀ (ਕੈਨੇਡਾ) ਪੱਧਰ ਦੀ ਕਮੇਟੀ ਦੀ ਚੋਣ 8 ਮਈ 2022, ਦਿਨ ਐਤਵਾਰ ਨੂੰ ਕੀਤੀ ਜਾਣੀ ਤਹਿ ਹੋਈ ਹੈ। ਕੌਮੀ ਪੱਧਰ ਦੀ ਚੋਣ ਤੋਂ ਪਹਿਲਾਂ ਪਹਿਲਾਂ ਯੂਨਿਟਾਂ ਦੀ ਉਸਾਰੀ ਇਸ ਲਈ ਜ਼ਰੂਰੀ ਹੈ ਕਿ ਕੈਨੇਡਾ ਦੇ ਹਰ ਸ਼ਹਿਰ ਤੋਂ ਬਣੇ ਸਥਾਈ / ਐਡਹਾਕ ਯੂਨਿਟਾਂ ਤੋਂ ਵੀ ਡੈਲੀਗੇਟ / ਦਰਸ਼ਕ ਕੌਮੀ ਪੱਧਰ ਦੀ ਚੋਣ ਦਾ ਹਿੱਸਾ ਬਣ ਸਕਣ ਅਤੇ ਸੁਸਾਇਟੀ ਕੈਨੇਡਾ ਪੱਧਰ ਤੇ ਪੂਰੇ ਸਹਿਯੋਗ ਨਾਲ ਸੁਸਾਇਟੀ ਦੇ ਉਦੇਸ਼ ਅਤੇ ਸਮਾਜਿਕ ਸਰੋਕਾਰਾਂ ਲਈ ਯੋਗਦਾਨ ਪਾ ਸਕੇ। ਸਥਾਈ ਯੂਨਿਟ ਬਣਾਉਣ ਲਈ ਕਿਸੇ ਵੀ ਸ਼ਹਿਰ ਵਿਚ ਘੱਟੋ ਘੱਟ 10 ਮੈਂਬਰ ਹੋਣੇ ਜ਼ਰੂਰੀ ਹਨ। 10 ਤੋਂ ਘੱਟ ਮੈਂਬਰ ਐਡਹਾਕ ਕਮੇਟੀ ਬਣਾ ਸਕਦੇ ਹਨ। ਸੁਸਾਇਟੀ ਦੇ ਯੂਨਿਟਾਂ ਦੀ ਉਸਾਰੀ ਲਈ ਸਭ ਨੂੰ ਅੱਗੇ ਆਉਣ ਤੇ ਯੋਗਦਾਨ ਪਾਉਣ ਨੂੰ ਅਤੀ ਜ਼ਰੂਰੀ ਸਮਝਦਿਆਂ ਇਹ ਅਪੀਲ ਜਾਰੀ ਕੀਤੀ ਗਈ ਹੈ। ਕਿਸੇ ਵੀ ਸ਼ਹਿਰ ਵਿਚ ਯੂਨਿਟ ਦੀ ਉਸਾਰੀ ਲਈ ਵੈਨਕੂਵਰ ਬਾਈ ਅਵਤਾਰ 604 728 7011, ਟੋਰੋਂਟੋ ਬਲਦੇਵ ਰਹਿਪਾ 416 881 7202, ਕੈਲਗਿਰੀ ਗੋਪਾਲ ਸਿੰਘ 403 280 0709, ਵਿਨੀਪੈੱਗ ਜਸਵੀਰ ਮੰਗੂਵਾਲ 204 480 1860 ਅਤੇ ਰਾਜ ਬਲਵਿੰਦਰ 204 440 1000, ਮੌਂਟਰੀਅਲ ਰਵਾਇਤ ਸਿੰਘ 236 818 4305 ਅਤੇ ਵਰੁਨ ਖੰਨਾ 514 546 8202 ਨਾਲ ਸੰਪਰਕ ਕਾ ਜਾ ਸਕਦਾ ਹੈ।




# ਅੰਤਰਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ ਅੰਤਰਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਿਤ ਰਹੀ। ਪ੍ਰਸਿੱਧ ਕਵਿੱਤਰੀ, ਕਹਾਣੀਕਾਰ ਅਤੇ ਅਨੁਵਾਦਿਕ ਸੁਰਜੀਤ ਕਲਸੀ ਇਸ ਮੀਟਿੰਗ ਦੇ ਮੁੱਖ ਬੁਲਾਰੇ ਸਨ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸੁਰਜੀਤ ਕਲਸੀ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਉਪਰੰਤ ਸੁਰਜੀਤ ਕਲਸੀ ਨੇ ਆਪਣੇ ਸਾਹਿਤਕ ਸਫ਼ਰ, ਸਾਹਿਤ ਸਿਰਜਨਾ, ਪ੍ਰਾਪਤੀਆਂ ਅਤੇ ਸਾਹਿਤਕ ਸਰਗਰਮੀਆਂ ਬਾਰੇ ਵਿਸਥਾਰ ਸਹਿਤ ਦੱਸਿਆ। ਉਨ੍ਹਾਂ ਅੰਤਰਰਾਸ਼ਟਰੀ ਨਾਰੀ ਦਿਵਸ ਦੀ ਮਹਤੱਤਾ, ਨਾਰੀ ਦੀ ਜਦੋ-ਜਹਿਦ, ਸਮਾਜਿਕ ਤਬਦੀਲੀ ਅਤੇ ਆਉਣ ਵਾਲੇ ਸਮੇਂ ਸਮਾਜਿਕ ਚੇਤਨਾ ਲਿਆਉਣ ਬਾਰੇ ਵਿਚਾਰ ਪ੍ਰਗਟ ਕੀਤੇ। ਲੇਖਕਾਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਵੀ ਸੁਰਜੀਤ ਕਲਸੀ ਨੇ ਦਿੱਤੇ। ਪ੍ਰਸਿੱਧ ਸਾਹਿਤਕਾਰ ਅਜਮੇਰ ਰੋਡੇ ਵੱਲੋਂ ਵੀ ਨਾਰੀ ਦਿਵਸ ਮੌਕੇ ਵਿਚਾਰ ਸਾਂਝੇ ਕੀਤੇ ਗਏ । ਨਾਰੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਵਿਚ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਰੂਪਿੰਦਰ ਖਹਿਰਾ ਰੂਪੀ, ਅਮਰੀਕ ਸਿੰਘ ਲੇਲ੍ਹ, ਹਰਚੰਦ ਸਿੰਘ ਬਾਗੜੀ, ਬਿੱਕਰ ਸਿੰਘ ਖੋਸਾ, ਗੁਰਮੀਤ ਸਿੰਘ ਸਿੱਧੂ, ਰਣਧੀਰ ਢਿੱਲੋਂ, ਅਮਰੀਕ ਪਲਾਹੀ, ਸੁਰਿੰਦਰਪਾਲ ਕੌਰ ਬਰਾੜ, ਕ੍ਰਿਸ਼ਨ ਬੈਕਟਰ, ਨਰਿੰਦਰ ਬਾਹੀਆ, ਬਲਬੀਰ ਸਿੰਘ ਸੰਘਾ, ਹਰਵਿੰਦਰ ਮਠਾਰੂ, ਸੁੱਖੀ ਅਤੇ ਹਰਸ਼ਰਨ ਕੌਰ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸਭਾ ਦੇ ਮੈਂਬਰਾਂ ਵੱਲੋਂ ਕਵਿੱਤਰੀ ਹਰਸ਼ਰਨ ਕੌਰ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਗਈ। ਅੰਤ ਵਿਚ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ।

# ਜਲਾਲਾਬਾਦ ਬੰਬ ਧਮਾਕੇ ਕੇਸ ਵਿਚ ਪਾਕਿ ਨਾਗਰਿਕ ਸਣੇ ਛੇ ਜਣਿਆਂ ਦੇ ਵਿਰੁੱਧ ਚਾਰਜਸ਼ੀਟ ਪੇਸ਼

ਨਵੀਂ ਦਿੱਲੀ-ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਕੱਲ੍ਹ ਪੰਜਾਬ ਦੇ ਐਸ ਏ ਐਸ ਨਗਰ ਵਿੱਚ ਐਨ ਆਈ ਏ ਦੀ ਵਿਸ਼ੇਸ਼ ਅਦਾਲਤ ਵਿੱਚ ਪੰਜਾਬ ਦੇ ਜਲਾਲਾਬਾਦ ਬੰਬ ਧਮਾਕਾ ਕੇਸ ਵਿੱਚ ਇੱਕ ਪਾਕਿਸਤਾਨੀ ਸਮੇਤ ਛੇ ਖਾਲਿਸਤਾਨੀ ਕਾਰਕੁਨਾਂ ਖਿਲਾਫ ਦੋਸ਼ ਪੱਤਰ ਦਾਖਲ ਕੀਤਾ ਹੈ। ਐਨ ਆਈ ਏ ਨੇ ਸੁਖਵਿੰਦਰ ਸਿੰਘ, ਪ੍ਰਵੀਨ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਰਾ, ਰਣਜੀਤ ਸਿੰਘ, ਪਾਕਿਸਤਾਨੀ ਨਾਗਰਿਕ ਹਬੀਬ ਖਾਨ ਤੇ ਲਖਬੀਰ ਸਿੰਘ ਰੋਡੇ (ਪਾਕਿਸਤਾਨ ਵਿੱਚ ਰਹਿੰਦਾ ਖਾੜਕੂ) ਨੂੰ ਚਾਰਜਸ਼ੀਟ ਕੀਤਾ ਹੈ। ਉਨ੍ਹਾਂ ਦੇ ਖਿਲਾਫ ਧਮਾਕਾਖੇਜ਼ ਸਮੱਗਰੀ ਐਕਟ, ਨਾਰਕੋਟਿਕ ਡਰੱਗਸ ਐਂਡ ਸਾਇਕੋਟ੍ਰੋਫਿਕ ਸਬਸਟੈਂਸ ਐਕਟ, ਗੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ ਤੇ ਭਾਰਤੀ ਦੰਡਾਵਲੀ ਦੀ ਧਾਰਾ 120 ਬੀ ਦਾ ਦੋਸ਼ ਪੱਤਰ ਦਾਖਲ ਕੀਤਾ ਗਿਆ। ਇਹ ਕੇਸ ਫਾਜ਼ਿਲਕਾ ਕਸਬੇ ਵਿੱਚ 15 ਸਤੰਬਰ 2021 ਨੂੰ ਹੋਏ ਬੰਬ ਧਮਾਕੇ ਨਾਲ ਸਬੰਧਤ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਸ਼ੁਰੂ ਵਿੱਚ ਪੰਜਾਬ ਪੁਲਸ ਨੇ ਮਾਮਲਾ ਦਰਜ ਕੀਤਾ ਸੀ ਅਤੇ ਬਾਅਦ ਵਿੱਚ ਜਾਂਚ ਐਨ ਆਈ ਏ ਨੇ ਆਪਣੇ ਹੱਥਾਂ ਵਿੱਚ ਲੈ ਲਈ ਅਤੇ ਅਗਲੀ ਕਾਰਵਾਈ ਕਰ ਰਹੀ ਹੈ।




ROHITA PANNU LAW CORPORATION




BARRISTER & SOLICITOR SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
2 Locations to Serve You
Fax : 604.589.1556
www.rohitapannulaw.com
# 102-9278, 120th St., Surrey, BC V3V 4W8
6303 Fraser St.,Vancouver BC

# ਸਾਬਕਾ ਅਕਾਲੀ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਅਕਾਲੀ ਦਲ ਨੂੰ ਫਤਹਿ ਬੁਲਾਈ



ਬਠਿੰਡਾ-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਅਤੇ ਮੌਜੂਦਾ ਵਿਧਾਨ ਸਭਾ ਲਈ ਚੋਣ ਲੜਨ ਵਾਲੇ ਉਮੀਦਵਾਰ ਸਰੂਪ ਚੰਦ ਸਿੰਗਲਾ ਨੇ ਅਕਾਲੀ ਦਲ ਨੂੰ ਅੱਜ ਅਲਵਿਦਾ ਆਖ ਦਿੱਤਾ ਹੈ। ਉਨ੍ਹਾਂ ਬਠਿੰਡਾ ਵਿੱਚ ਪ੍ਰੈੱਸ ਕਾਨਫ਼ਰੰਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਮਿਲੇ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਬਠਿੰਡਾ ਸ਼ਹਿਰੀ ਸੀਟ 'ਤੇ ਅਕਾਲੀ ਦਲ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੀ ਮਦਦ ਕੀਤੀ ਗਈ ਹੈ। ਸ੍ਰੀ ਸਿੰਗਲਾ ਨੇ ਪੱਕੇ ਸਬੂਤ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਸੁਖਬੀਰ ਨੂੰ ਕਿਹਾ ਸੀ ਕਿ ਹਲਕੇ ਵਿੱਚ ਗੱਲ ਚੱਲੀ ਹੋਈ ਹੈ ਕਿ ਅਕਾਲੀ ਦਲ ਮਨਪ੍ਰੀਤ ਬਾਦਲ ਦੀ ਮਦਦ ਕਰ ਰਿਹਾ ਹੈ ਪਰ ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਸ਼ਿਕਾਇਤ ਕੀਤੀ ਸੀ ਪਰ ਕੋਈ ਸੁਣਵਾਈ ਨਾ ਹੋਣ ਕਾਰਨ ਸ਼ਹਿਰੀ ਵੋਟਰਾਂ ਨੇ ਅਕਾਲੀ ਦਲ ਦੀ ਬਜਾਏ ਆਮ ਆਦਮੀ ਪਾਰਟੀ ਨੂੰ ਵੋਟਾਂ ਦਿੱਤੀਆਂ, ਜਿਸ ਕਾਰਨ ਉਹ ਚੋਣ ਹਾਰ ਗਏ। ਸ੍ਰੀ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਪਾਰਟੀ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਹੈ ਤੇ ਸ਼ਹਿਰੀ ਵਾਸੀਆਂ ਨਾਲ ਵਿਚਾਰ-ਵਟਾਂਦਰਾ ਕਰਨ ਮਗਰੋਂ ਭਵਿੱਖ ਬਾਰੇ ਕੋਈ ਵੱਡਾ ਫ਼ੈਸਲਾ ਲੈਣਗੇ।

## ਨਾਭਾ ਤੋਂ ਸਾਈਕਲ 'ਤੇ ਵਿਧਾਨ ਸਭਾ ਪੁੱਜੇ 'ਆਪ' ਵਿਧਾਇਕ ਦੇਵ ਮਾਨ



ਚੰਡੀਗੜ੍ਹ-ਵਿਧਾਨ ਸਭਾ ਹਲਕਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ (ਦੇਵ ਮਾਨ) ਸਾਈਕਲ 'ਤੇ ਵਿਧਾਨ ਸਭਾ ਪਹੁੰਚੇ ਸਨ ਜਿਨ੍ਹਾਂ ਭਵਿੱਖ ਵਿੱਚ ਵੀ ਨਾਭਾ ਵਾਸੀਆਂ ਦੀ ਸੇਵਾ ਲਈ ਸਾਈਕਲ ਦੀ ਵਰਤੋਂ ਕਰਨ ਦੀ ਗੱਲ ਕਹੀ ਹੈ। ਨਾਭਾ ਤੋਂ ਵਿਧਾਇਕ ਦੇਵ ਮਾਨ ਸਾਈਕਲ ਰਾਹੀਂ ਨਾਭਾ ਤੋਂ ਚੰਡੀਗੜ੍ਹ ਤੱਕ 80 ਕਿਲੋਮੀਟਰ ਸਾਈਕਲ ਚਲਾ ਕੇ ਹੀ ਪਹੁੰਚੇ ਸਨ। ਉਹ ਸਵੇਰੇ 6 ਵਜੇ ਨਾਭਾ ਤੋਂ ਸਾਈਕਲ 'ਤੇ ਚੱਲੇ ਤੇ ਸਰਹਿੰਦ, ਫਤਹਿਗੜ੍ਹ ਸਾਹਿਬ ਤੋਂ ਹੁੰਦੇ ਹੋਏ 10.30 ਵਜੇ ਦੇ ਕਰੀਬ ਪੰਜਾਬ ਵਿਧਾਨ ਸਭਾ ਪਹੁੰਚੇ ਸਨ। ਉਨ੍ਹਾਂ ਦਾ ਰਾਹ 'ਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਵਾਗਤ ਕੀਤਾ ਹੈ।

## ਜ਼ਿਲ੍ਹਾ ਪ੍ਰਧਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਦੀ ਪੇਸ਼ਕਸ਼ ਰੱਦ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੇ ਰੱਦ ਕਰ ਦਿੱਤਾ। ਸੁਖਬੀਰ ਬਾਦਲ ਨੇ ਜ਼ਿਲ੍ਹਾ ਪ੍ਰਧਾਨਾਂ ਤੇ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗਾਂ ਦੌਰਾਨ ਆਖਿਆ ਕਿ ਉਹ ਪਾਰਟੀ ਦੀ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ ਲਈ ਤਿਆਰ ਹਨ ਪਰ ਪਾਰਟੀ ਲੀਡਰਸ਼ਿਪ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ। ਆਗੂਆਂ ਨੇ ਕਿਹਾ ਕਿ ਭਾਵੇਂ ਨਤੀਜੇ ਆਸ ਮੁਤਾਬਕ ਨਹੀਂ ਆਏ ਪਰ ਪਾਰਟੀ ਪ੍ਰਧਾਨ ਦਾ ਕੋਈ ਕਸੂਰ ਨਹੀਂ ਕੱਢਿਆ ਜਾ ਸਕਦਾ। ਲੋਕਾਂ ਨੇ ਬਦਲਾਅ ਵਾਸਤੇ ਵੋਟਾਂ ਪਾਈਆਂ ਹਨ। ਸ੍ਰੀ ਬਾਦਲ ਨੇ ਜ਼ਿਲ੍ਹਾ ਪ੍ਰਧਾਨਾਂ ਨੂੰ ਦੱਸਿਆ ਕਿ ਪਾਰਟੀ ਹਾਰ ਦੇ ਕਾਰਨਾਂ ਬਾਰੇ ਫੀਡ ਬੈਕ ਨਾਲ-ਨਾਲ ਲੋਕਾਂ ਦੀ ਰਾਇ ਵੀ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਕਸਦ ਵਾਸਤੇ ਇੱਕ ਉੱਚ ਪੱਧਰੀ ਕਮੇਟੀ ਬਣਾਈ ਜਾ ਰਹੀ ਹੈ।









# ਯੂਕਰੇਨ ਦੀ ਅਪੀਲ ਦੇ ਬਾਵਜੂਦ ਸਾਰਿਆਂ ਦੀ ਭਲਾਈ ਲਈ ਸਖ਼ਤ ਫੈਸਲੇ ਲੈਣੇ ਪੈਣਗੇ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਯੂਕਰੇਨ ਵਿੱਚ ਰੂਸ ਵੱਲੋਂ ਕੀਤੀ ਜਾ ਰਹੀ ਬੰਬਾਰੀ ਵਿੱਚ ਤਬਾਹ ਹੋਏ ਹਸਪਤਾਲਾਂ, ਸਕੂਲਾਂ, ਮਾਰੇ ਗਏ ਲੋਕਾਂ ਦੀਆਂ ਤਸਵੀਰਾਂ ਵੇਖਣ ਅਤੇ ਰਾਸ਼ਟਰਪਤੀ ਜ਼ੈਲੇਂਸਕੀ ਵੱਲੋਂ ਜੰਗ ਦੇ ਝੰਬੇ ਮੁਲਕ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਅਪੀਲ ਦੇ ਬਾਵਜੂਦ ਕੈਨੇਡਾ ਨੂੰ ਕੁੱਝ ਸਖ਼ਤ ਫੈਸਲੇ ਲੈਣੇ ਪੈ ਰਹੇ ਹਨ। ਨੌਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਮੈਂਬਰ ਮੁਲਕਾਂ, ਜਿਨ੍ਹਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਨੇ ਪ੍ਰੈਜ਼ੀਡੈਂਟ ਵੋਲੋਦੀਮੀਰ ਜ਼ੈਲੇਂਸਕੀ ਦੀ ਯੂਕਰੇਨ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਅਪੀਲ ਖਾਰਜ ਕਰ ਦਿੱਤੀ ਕਿਉਂਕਿ ਇਨ੍ਹਾਂ ਮੁਲਕਾਂ ਦਾ ਮੰਨਣਾ ਹੈ ਕਿ ਇਸ ਨਾਲ ਹਾਲਾਤ ਸੁਧਰਨ ਦੀ ਬਜਾਇ ਹੋਰ ਵਿਗੜ ਜਾਣਗੇ। ਐਲਿਸਟਨ, ਓਨਟਾਰੀਓ ਵਿੱਚ ਕੈਨੇਡਾ ਦੇ ਆਟੋਮੋਟਿਵ ਸੈਕਟਰ ਲਈ ਨਵੀਂ ਮਦਦ ਦਾ ਐਲਾਨ ਕਰਦਿਆਂ ਟਰੂਡੋ ਨੇ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਨੋ ਫਲਾਈ ਜ਼ੋਨ ਨਾਲ ਯੂਕਰੇਨ ਵਿੱਚ ਹੋ ਰਹੀ ਤਬਾਹੀ ਤਾਂ ਸ਼ਾਇਦ ਨਾ ਰੁਕੇ ਸਗੋਂ ਨਾਟੋ ਵੱਲੋਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਨਾਲ ਨਾਟੋ ਤੇ ਰੂਸ ਵਿਚਾਲੇ ਜੰਗ ਜ਼ਰੂਰ ਸ਼ੁਰੂ ਹੋ ਸਕਦੀ ਹੈ। ਇਹੋ ਜਿਹੇ ਹੀ ਵਿਚਾਰ ਸਕੱਤਰ ਜਨਰਲ ਜੇਨਸ ਸਟੋਲਟਨਬਰਗ ਨੇ ਇੱਕ ਵੱਖਰੀ ਨਿਊਜ਼ ਕਾਨਫਰੰਸ ਵਿੱਚ ਪ੍ਰਗਟਾਏ। ਜ਼ੈਲੇਂਸਕੀ ਦੀ ਅਜਿਹੀ ਬੇਨਤੀ ਤੋਂ ਕੁੱਝ ਘੰਟਿਆਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਨੂੰ 800 ਮਿਲੀਅਨ



ਡਾਲਰ ਦੀ ਮਦਦ ਮੁਹੱਈਆ ਕਰਵਾਉਣ ਲਈ ਵਿਦੇਸ਼ ਮੰਤਰਾਲੇ ਨੂੰ ਖੁੱਲ੍ਹ ਦੇਣ ਵਾਲੇ ਦਸਤਾਵੇਜ਼ ਉੱਤੇ ਦਸਤਖ਼ਤ ਕੀਤੇ। ਇਸ ਤਹਿਤ ਯੂਕਰੇਨ ਨੂੰ ਐਂਟੀ-ਏਅਰਕ੍ਰਾਫਟ ਸਿਸਟਮਜ਼ ਜਿਵੇਂ ਕਿ ਸਟਿੰਗਰ ਮਿਜ਼ਾਈਲਾਂ, ਡਰੋਨ ਤੇ ਹੋਰ ਗੋਲੀ ਸਿੱਕਾ, ਸ਼ੌਟਗੰਨਜ਼, ਮਸ਼ੀਨ ਗੰਨਜ਼, ਗ੍ਰਨੇਡ ਲਾਂਚਰਜ਼ ਤੇ ਹੋਰ ਨਿੱਕੇ ਹਥਿਆਰ ਵੀ ਮੁਹੱਈਆ ਕਰਵਾਏ ਜਾਣਗੇ।

## ਓਨਟਾਰੀਓ ਦੇ 24 ਪਬਲਿਕ ਕਾਲਜਾਂ ਵਿੱਚ ਹੜਤਾਲ ਟਲੀ

ਓਨਟਾਰੀਓ-ਓਨਟਾਰੀਓ ਦੇ ਕਾਲਜਾਂ ਦੇ 16000 ਫੁੱਲ ਟਾਈਮ ਫੈਕਲਟੀ ਮੈਂਬਰਾਂ ਦੀ ਸੰਭਾਵੀ ਹੜਤਾਲ ਟਲ ਗਈ ਹੈ। ਇਨ੍ਹਾਂ ਫੈਕਲਟੀ ਮੈਂਬਰਾਂ ਦੀ ਨੁਮਾਇੰਦਗੀ ਕਰ ਰਹੀ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ ਤੇ ਕਾਲਜ ਇੰਪਲੌਈਜ਼ ਯੂਨੀਅਨ, ਜੋ ਕਿ ਓਨਟਾਰੀਓ ਦੇ 24 ਪਬਲਿਕ ਕਾਲਜਾਂ ਦੀ ਨੁਮਾਇੰਦਗੀ ਕਰਦੀ ਹੈ,ਵਿਚੋਲਗੀ ਨਾਲ ਆਪਣੇ ਮਸਲੇ ਹੱਲ ਕਰਨ ਲਈ ਤਿਆਰ ਹੋ ਗਈਆਂ ਹਨ। ਫੈਕਲਟੀ 30 ਸਤੰਬਰ 2021 ਤੋਂ ਹੀ ਬਿਨਾਂ ਕਿਸੇ ਸਾਂਝੇ ਸਮਝੌਤੇ ਦੇ ਕੰਮ ਕਰ ਰਹੀ ਸੀ ਤੇ ਦਸੰਬਰ ਤੋਂ ਹੀ ਵਰਕ ਟੂ ਰੂਲ ਕੈਂਪੇਨ ਉੱਤੇ ਹੈ।ਇਸ ਹੜਤਾਲ ਨਾਲ ਓਨਟਾਰੀਓ ਦੇ 250,000 ਕਾਲਜ ਵਿਦਿਆਰਥੀਆਂ ਨੇ ਪ੍ਰਭਾਵਿਤ ਹੋਣਾ ਸੀ।


## ਰੇਲ ਗੱਡੀ ਦੀ ਟੱਕਰ ਕਾਰਨ ਇੱਕ ਰਾਹਗੀਰ ਹਲਾਕ

ਮਿਸੀਸਾਗਾ-ਬੁੱਧਵਾਰ ਰਾਤ ਨੂੰ ਮਿਸੀਸਾਗਾ ਵਿੱਚ ਡਿਕਸੀ ਗੋਅ ਸਟੇਸ਼ਨ ਦੇ ਪੂਰਬ ਵੱਲ ਰੇਲਗੱਡੀ ਦੀ ਟੱਕਰ ਲੱਗਣ ਕਾਰਨ ਇੱਕ ਰਾਹਗੀਰ ਦੀ ਮੌਤ ਹੋ ਗਈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੀਲ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਰਾਤੀਂ 7:45 ਉੱਤੇ ਹੋਇਆ। ਮਿਲਟਨ ਜਾਣ ਵਾਲੀ ਰੇਲਗੱਡੀ ਰਾਤ ਨੂੰ 7:10 ਉੱਤੇ ਜਾਣ ਵਾਲੀ ਆਖਰੀ ਗੱਡੀ ਸੀ।ਮੈਟਰੋਲਿੰਕਸ ਨੇ ਦੱਸਿਆ ਕਿ ਇੱਥੇ ਫਸੇ ਹੋਏ 300 ਦੇ ਨੇੜੇ ਤੇੜੇ ਯਾਤਰੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਮੈਟਰੋਲਿੰਕਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਰੇਲਗੱਡੀ ਹੁਣ ਖੜ੍ਹੀ ਹੈ ਤੇ ਇਸ ਨੂੰ ਖਾਲੀ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਕਸਟਮਰਜ਼ ਨੂੰ ਵਾਪਿਸ ਡਿਕਸੀ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਕਪਿਲ ਸਿੱਬਲ ਨੇ ਕਾਂਗਰਸ ਵਿਚ ਗਾਂਧੀ ਪਰਵਾਰ ਤੋਂ ਬਿਨਾਂ ਕਿਸੇ ਹੋਰ ਨੂੰ ਮੌਕਾ ਦੇਣ ਦੀ ਮੰਗ ਚੁੱਕੀ

ਨਵੀਂ ਦਿੱਲੀ-ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਪਿੱਛੋਂ ਪਾਰਟੀ ਦਾ ਅੰਦਰੂਨੀ ਕਲੇਸ਼ ਸਾਹਮਣੇ ਆਉਣਾ ਜਾਰੀ ਹੈ। ਸੀਨੀਅਰ ਕਾਂਗਰਸੀ ਆਗੂ ਕਪਿਲ ਸਿੱਬਲ ਨੇ ਇੱਥੇ ਕਿਹਾ ਹੈ ਕਿ ਗਾਂਧੀ ਪਰਵਾਰ ਨੂੰ ਪਾਸੇ ਹੋ ਜਾਣਾ ਚਾਹੀਦਾ ਤੇ ਕਾਂਗਰਸ ਦੀ ਅਗਵਾਈ ਕਰਨ ਦਾ ਮੌਕਾ ਕਿਸੇ ਹੋਰ ਆਗੂ ਨੂੰ ਦੇਣਾ ਚਾਹੀਦਾ ਹੈ। ਇੱਕ ਇੰਟਰਵਿਊ ਵਿੱਚ ਸਿੱਬਲ ਨੇ ਕਿਹਾ, "ਮੈਂ ਸਭ ਦੀ ਕਾਂਗਰਸ ਚਾਹੁੰਦਾ ਹਾਂ। ਕੁਝ ਲੋਕ ਘਰ ਦੀ ਕਾਂਗਰਸ ਚਾਹੁੰਦੇ ਹਨ।" ਸਿੱਬਲ ਨੇ ਕਿਹਾ ਕਿ 2014 ਦੀਆਂ ਚੋਣਾਂ ਮਗਰੋਂ ਸਿਰਫ ਕੁਝ ਮੌਕੇ ਛੱਡ ਕੇ ਕਾਂਗਰਸ ਲਗਾਤਾਰ ਹਾਰੀ ਹੈ। ਉਨ੍ਹਾਂ ਕਿਹਾ, "ਸੀ ਡਬਲਯੂ ਸੀ ਨੇ ਪਾਰਟੀ ਦੀ ਅਗਵਾਈ ਵਿੱਚ ਭਰੋਸਾ ਜਾਹਰ ਕੀਤਾ ਹੈ, ਪਰ ਜੋ ਕਮੇਟੀ ਤੋਂ ਬਾਹਰ ਹਨ, ਉਹ ਹੋਰ ਤਰ੍ਹਾਂ ਮਹਿਸੂਸ ਕਰਦੇ ਹਨ, ਬਹੁਤੇ ਪਾਰਟੀ ਛੱਡ ਗਏ ਹਨ ਤੇ ਨਵੇਂ ਆਗੂਆਂ ਨੂੰ ਪਾਰਟੀ ਦੀ ਅਗਵਾਈ ਦਾ ਮੌਕਾ ਦੇਣਾ ਚਾਹੀਦਾ ਹੈ।" ਵਰਨਣ ਯੋਗ ਹੈ ਕਿ ਸਿੱਬਲ ਉਨ੍ਹਾਂ ਆਗੂਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਪਾਰਟੀ ਵਿੱਚ ਸੁਧਾਰ ਲਿਆਉਣ ਲਈ ਕਿਹਾ ਸੀ, ਪਰ ਐਤਵਾਰ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਗੁਲਾਮ ਨਬੀ ਆਜ਼ਾਦ ਤੇ ਆਨੰਦ ਸ਼ਰਮਾ ਨੇ ਲੀਡਰਸ਼ਿਪ ਦੇ ਬਦਲਾਅ ਦਾ ਮੁੱਦਾ ਨਹੀਂ ਉਠਾਇਆ। ਕਾਂਗਰਸ ਵਰਕਿੰਗ ਕਮੇਟੀ ਦੀ ਇਸ ਮੀਟਿੰਗ ਵਿੱਚ ਸੋਨੀਆ ਗਾਂਧੀ ਨੂੰ ਹੀ ਪਾਰਟੀ ਦੀ ਅਗਵਾਈ ਕਰਨ ਦੀ ਬੇਨਤੀ ਕੀਤੀ ਗਈ ਤੇ ਨਾਲ ਹੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕਮੇਟੀ ਮੈਂਬਰਾਂ ਨੇ ਕੀਤੀ ਸੀ। ਸਾਬਕਾ ਪਾਰਲੀਮੈਂਟ ਮੈਂਬਰ ਸੰਦੀਪ ਦੀਕਸ਼ਿਤ ਨੇ ਵੀ ਕਿਹਾ ਕਿ "ਕਾਂਗਰਸ ਪ੍ਰਧਾਨ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ, ਪਹੁੰਚ ਖੁੱਲ੍ਹੀ ਰੱਖਣੀ ਚਾਹੀਦੀ ਹੈ ਤੇ ਗੱਲਾਂ ਨੂੰ ਮੰਨਣਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਲੀਡਰਸ਼ਿਪ ਦਾ ਲੋਕਾਂ ਅਤੇ ਪਾਰਟੀ ਆਗੂਆਂ ਨਾਲ ਸੰਪਰਕ, ਪਾਰਟੀ ਨੂੰ ਲੋਕਾਂ ਵੱਲੋਂ ਸਵੀਕਾਰਨਾ ਅਤੇ ਹਾਰ ਵੇਲੇ ਜ਼ਿੰਮੇਵਾਰੀ ਕਬੂਲਣੀ ਜ਼ਰੂਰੀ




ਪੱਖ ਹਨ। ਸੰਦੀਪ ਦੀਕਸ਼ਿਤ ਨੇ ਕਿਹਾ ਕਿ ਪਰਵਾਰ ਲੋਕਾਂ ਨੂੰ ਕਬੂਲ ਨਹੀਂ ਤੇ ਇਹ ਲਗਾਤਾਰ ਹੁੰਦੀਆਂ ਹਾਰਾਂ ਤੋਂ ਵੀ ਨਜ਼ਰ ਆਉਂਦਾ ਹੈ। ਚਾਪਲੂਸਾਂ ਨੇ ਪਾਰਟੀ ਨੂੰ ਖਤਮ ਹੋਣ ਦੀ ਕਗਾਰ ਉਤੇ ਪੁਚਾ ਦਿੱਤਾ ਹੈ। ਇਸ ਦੌਰਾਨ ਲੋਕ ਸਭਾ ਵਿੱਚ ਇਸ ਪਾਰਟੀ ਦੇ ਵ੍ਹਿਪ ਮਣਿਕਮ ਟੈਗੋਰ ਨੇ ਦੋਸ਼ ਲਾਇਆ ਕਿ ਕਪਿਲ ਸਿੱਬਲ ਆਰ ਐਸ ਐਸ-ਭਾਜਪਾ ਦੀ ਭਾਸ਼ਾ ਬੋਲਦੇ ਹਨ। ਰਾਹੁਲ ਗਾਂਧੀ ਦੇ ਕੱਟੜ ਵਫਾਦਾਰ ਮਣਿਕਮ ਟੈਗੋਰਅਨੇ ਕਿਹਾ ਕਿ ਆਰ ਐਸ ਐਸ ਤੇ ਭਾਜਪਾ ਚਾਹੁੰਦੀ ਹੈ ਕਿ ਗਾਂਧੀ ਪਰਵਾਰ ਪਾਰਟੀ ਦੀ ਅਗਵਾਈ ਛੱਡ ਦੇਵੇ ਤਾਂ ਕਿ ਕਾਂਗਰਸ ਨੂੰ ਖਤਮ ਕੀਤਾ ਜਾ ਸਕੇ ਤੇ ਭਾਰਤ ਦੇ ਵਿਚਾਰ ਨੂੰ ਵੀ ਨਾਲ ਹੀ ਖਤਮ ਕੀਤਾ ਜਾ ਸਕੇ। ਟੈਗੋਰ ਨੇ ਟਵੀਟ ਕੀਤਾ, "ਗਾਂਧੀਆਂ ਦੀ ਅਗਵਾਈ ਬਿਨਾਂ ਕਾਂਗਰਸ ਜਨਤਾ ਪਾਰਟੀ ਬਣ ਕੇ ਰਹਿ ਜਾਵੇਗੀ। ਇਸ ਨਾਲ ਉਨ੍ਹਾਂ ਲਈ ਪਾਰਟੀ ਨੂੰ ਖਤਮ ਕਰਨਾ ਸੌਖਾ ਹੋ ਜਾਵੇਗਾ।"ਕਾਂਗਰਸ ਆਗੂ ਅਤੇ ਸਾਬਕਾ ਐਮ ਪੀ ਅਨਿਲ ਸ਼ਾਸਤਰੀ ਨੇ ਇੱਕ ਟਵੀਟ ਵਿੱਚ ਕਿਹਾ ਕਿ "ਜਿਹੜੇ ਚਾਹੁੰਦੇ ਹਨ ਕਿ ਗਾਂਧੀ ਪਰਵਾਰ ਪਾਰਟੀ ਦੀ ਅਗਵਾਈ ਨਾ ਕਰੇ, ਉਹ ਇਹ ਨਹੀਂ ਜਾਣਦੇ ਕਿ ਉਨ੍ਹਾਂ ਬਿਨਾਂ ਕਾਂਗਰਸ ਕਮਜ਼ੋਰ ਹੋ ਜਾਵੇਗੀ ਤੇ ਕਮਜ਼ੋਰ ਕਾਂਗਰਸ ਲੋਕਤੰਤਰ ਲਈ ਖਤਰਨਾਕ ਹੋਵੇਗੀ।" ਸ਼ਾਸਤਰੀ ਨੇ ਕਿਹਾ ਕਿ ਸੁਧਾਰ ਵੀ ਗਾਂਧੀਆਂ ਨੂੰ ਉਪਰ ਰੱਖ ਕੇ ਹੋ ਸਕਦੇ ਹਨ।"

## ਭਾਰਤੀ ਜੱਜ ਦਲਬੀਰ ਭੰਡਾਰੀ ਨੇ ਸੰਸਾਰ ਦੀ ਅਦਾਲਤ ਵਿੱਚ ਰੂਸ ਦੇ ਖਿਲਾਫ ਵੋਟ ਪਾਈ



ਨਵੀਂ ਦਿੱਲੀ-ਰੂਸ ਅਤੇ ਯੂਕਰੇਨਦੀ ਜੰਗ ਦੌਰਾਨਯੂਕਰੇਨ ਨੇ ਰੂਸੀ ਕਾਰਵਾਈ ਰੋਕਣ ਲਈ ਇੰਟਰਨੈਸ਼ਨਲ ਕੋਰਟ ਆਫ ਜਸਟਿਸ (ਆਈ ਸੀ ਜੇ) ਤੱਕ ਪਹੁੰਚ ਕੀਤੀ ਸੀ, ਬੁੱਧਵਾਰ ਆਈ ਸੀ ਜੇ ਨੇ 13-2 ਦੇ ਬਹੁਮਤ ਨਾਲ ਯੂਕਰੇਨ ਦੇ ਹੱਕ ਵਿੱਚ ਫੈਸਲਾ ਕੀਤਾ ਤੇਰੂਸ ਨੂੰ ਫੌਜੀ ਕਾਰਵਾਈ ਰੋਕਣ ਨੂੰ ਕਿਹਾ।ਇਸ ਵਿੱਚ ਭਾਰਤ ਦੇ ਜੱਜ ਦਲਬੀਰ ਭੰਡਾਰੀ ਸਮੇਤ 13 ਜੱਜਾਂ ਨੇ ਰੂਸ ਦੇ ਖਿਲਾਫ ਵੋਟ ਕੀਤਾ ਹੈ। ਜਸਟਿਸ ਦਲਬੀਰ ਭੰਡਾਰੀ ਦਾ ਰੂਸ ਦੇ ਖਿਲਾਫ ਵੋਟ ਇਸ ਲਈ ਚਰਚਾਵਿੱਚ ਹੈ ਕਿ ਅੱਜ ਤੱਕ ਭਾਰਤ ਨੇ ਪੂਰੀ ਨਿਰਪੱਖਤਾ ਰੱਖੀ ਹੈ। ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚਰੂਸ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਸਿਰਫ਼ ਦੋ ਜੱਜਰੂਸ ਤੇ ਚੀਨ ਦੇ ਸਨ। ਭਾਰਤ ਸਰਕਾਰ ਦੇ ਸਹਿਯੋਗ ਨਾਲ ਜਸਟਿਸ ਦਲਵੀਰ ਭੰਡਾਰੀ ਆਈ ਸੀ ਜੇ ਦੇ ਜੱਜ ਬਣੇ ਹਨ।ਰੂਸ-ਯੂਕਰੇਨ ਮੁੱਦੇ ਉੱਤੇ ਉਨ੍ਹਾਂ ਦਾ ਨਜ਼ਰੀਆ ਭਾਰਤ ਸਰਕਾਰ ਦੇ ਉਲਟ ਹੈ। ਭਾਰਤ ਨੇ ਰੂਸ ਨਾਲ ਸਬੰਧਾਂ ਤੇ ਯੂਕਰੇਨਵਿੱਚ ਫਸੇ ਭਾਰਤੀ ਵਿਦਿਆਰਥੀਆਂ ਦੇ ਕਾਰਨ ਯੂ ਐੱਨ ਓਵਿੱਚ ਵੋਟਿੰਗ ਤੋਂ ਖੁਦ ਨੂੰ ਦੂਰ ਰੱਖਿਆ ਸੀ।ਇੰਟਰਨੈਸ਼ਨਲ ਕੋਰਟ ਨੇ ਰੂਸ ਨੂੰ ਆਪਣੀ ਕਾਰਵਾਈ ਰੋਕਣ ਦਾ ਹੁਕਮ ਦਿੰਦਿਆਂ ਕਿਹਾ ਕਿ ਕਿਸੇ ਧਿਰ ਨੂੰ ਇਸ ਵਿੱਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਅਦਾਲਤ ਦਾ ਜੋ ਵੀ ਫੈਸਲਾ ਹੋਵੇ, ਉਹ ਸਾਰਿਆਂ ਲਈ ਪਾਬੰਦ ਹੋਵੇਗਾ। ਏਦਾਂ ਦੇ ਫੈਸਲਿਆਂ ਬਾਰੇ ਮਾਹਰਾਂ ਦੀ ਰਾਏ ਹੈ ਕਿ ਰੂਸਆਈ ਸੀ ਜੇ ਦੇ ਇਸ ਫੈਸਲੇ ਨੂੰ ਸ਼ਾਇਦ ਮੰਨੇਗਾ ਨਹੀਂ। ਜੇ ਕੋਈ ਦੇਸ਼ ਅੰਤਰਰਾਸ਼ਟਰੀ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰੇ ਤਾਂ ਅਦਾਲਤਯੂ ਐੱਨ ਓਸਕਿਓਰਟੀ ਕੌਂਸਲ ਤੋਂ ਕਾਰਵਾਈ ਦੀ ਮੰਗ ਕਰ ਸਕਦੀ ਹੈ, ਪਰ ਓਥੇਰੂਸ ਕੋਲ ਵੀਟੋ ਪਾਵਰ ਹੋਣ ਕਾਰਨ ਰੂਸ ਦੇ ਵਿਰੁੱਧ ਕੁਝ ਨਹੀਂ ਹੋ ਸਕਦਾ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

989 ਤੁਸਾਂ ਸ਼ਾਹ ਜੀ ਕੀਤੇ ਜੋ ਵਾਅਦੇ, ਅਸੀਂ ਅੱਜ ਉਹ ਗੱਲ ਦੁਹਰਾਂਵਦੇ ਹਾਂ।
ਕਰ ਰਸਮਾਂ ਸਹਿਨਸ਼ਾਹ ਬਣ ਗਿਉਂ, ਸੂਚੀ ਨਾਵਾਂ ਦੀ ਤੈਨੂੰ ਗਿਣਾਂਵਦੇ ਹਾਂ।
ਢੱਕਾਂ ਸਾਡੀਆਂ ਫੜ ਕੇ ਦੇਹਿ ਸਾਨੂੰ, ਅਸੀਂ ਉਨ੍ਹਾਂ ਨੂੰ ਛੇਤੀ ਚਾਂਹਵਦੇ ਹਾਂ।
ਦੱਖਣ ਜਾਣ ਤੋਂ ਪਹਿਲਾਂ ਹਰਚੰਦ ਸਿੰਘਾ, ਇਹ ਕੰਮ ਵੀ ਵਿੱਚੋਂ ਮੁਕਾਂਵਦੇ ਹਾਂ॥

### ਦੋਸ਼ੀਆਂ ਦੀ ਸੂਚੀ

990 ਵਜ਼ੀਰ ਖਾਨ ਤੇ ਸੁੱਚਾ ਨੰਦ ਦੋਵੇਂ, ਦਲਾਵਰ ਖਾਨ ਲਹੌਰੋਂ ਮੰਗਵਾ ਦੇ ਦੇ।
ਕਰਮ ਚੰਦ ਫਗਵਾੜਾ, ਨਿਜਾਮਦੀਨ ਜਲੰਧਰੀ ਨੂੰ, ਪੈਰੀਂ ਬੇੜੀਆਂ ਉਨ੍ਹਾਂ ਦੇ ਪਾ ਦੇ ਦੇ।
ਜਾਨੀ-ਮਾਨੀ ਮੁਰਿੰਡੇ ਦੇ ਖਾਨ ਦੋਵੇਂ, ਗੰਗੂ ਖੇੜੀ ਤੋਂ ਮੈਨੂੰ ਲਿਆ ਦੇ ਦੇ।
ਅਜਮੇਰ ਚੰਦ ਕਲਹੂਰ, ਸਮਾਣਿਉਂ ਹੁਸੈਨ ਖਾਂ ਨੂੰ, ਸਡੌਰਿਓਂ ਸੱਯਦ ਵੀ ਸਾਨੂੰ ਬੁਲਾ ਦੇ ਦੇ॥

### ਬਹਾਦਰ ਸ਼ਾਹ ਦਾ ਉੱਤਰ

991 ਇਕਰਾਰ ਮੇਰੇ ਗੁਰੂ ਜੀ ਯਾਦ ਮੈਨੂੰ, ਸਮਾਂ ਆਉਣ ਤੇ ਪੂਰੇ ਕਰਾਂਗਾ ਮੈਂ।
ਦੋਸ਼ੀ ਆਪਦੇ ਜਿੰਨੇ ਵੀ ਆਪ ਕਹੋ, ਲਿਆ ਕੇ ਚਰਨੀਂ ਆਪ ਦੇ ਧਰਾਂਗਾ ਮੈਂ।
ਜੇ ਕਰਾਂ ਨਾ ਆਪਣੇ ਬਚਨ ਪੂਰੇ, ਦੋਜ਼ਖ ਆਪਣੀ ਉਮਰੇ ਜਰਾਂਗਾ ਮੈਂ।
ਹਰਚੰਦ ਸਿੰਘਾ ਦੱਖਣ ਵੱਲ ਹੋ ਆਈਏ, ਪੋਚ ਲਾਹ ਕੇ ਤੂੜੀ ਵਿੱਚ ਭਰਾਗਾਂ ਮੈਂ॥

### ਗੁਰੂ ਜੀ

992 ਜਾਹ ਬਾਦਸ਼ਾਹ ਬੇਈਮਾਨ ਹੋਇਓਂ, ਦੇ ਕੇ ਬਚਨ ਅਸਾਂ ਨੂੰ ਟਾਲਿਆ ਈ।
ਉਪਰ ਆਪ ਤੋਂ ਬੈਠਾ ਇਨਸਾਫ਼ ਵਾਲਾ, ਅਸੀਂ ਉਸਨੂੰ ਇਹ ਸੰਭਾਲਿਆ ਈ।
ਰਾਜ ਮਿਲਿਆ ਕਰ ਨਾ ਸਕਨਾ ਤੂੰ, ਵਕਤ ਆਪਣਾ ਆਪ ਘਟਾ ਲਿਆ ਈ।
ਕੋਲਾ ਬਲਦਾ ਚੱਕ ਹਰਚੰਦ ਸਿੰਘਾ, ਪੱਲੇ ਆਪਣੇ ਸ਼ਾਹਾ ਤੂੰ ਪਾ ਲਿਆ ਈ॥

993 ਖ਼ੂਨ ਜਿੱਥੇ ਮਾਸੂਮਾਂ ਦਾ ਡੁੱਲ੍ਹਿਆ ਏ, ਉਹ ਖ਼ੂਨ ਦੇ ਨਾਲ ਹੀ ਧੋਵਣਾ ਏ।
ਕਹਿਰ ਆਏਗਾ ਐਸਾ ਪੰਜਾਬ ਉਤੇ, ਉਹ ਠੱਲ ਨਾ ਕਿਸੇ ਤੋਂ ਹੋਵਣਾ ਏ।
ਨੀਦਾਂ ਉੱਡਨੀਆਂ ਹੋਣ ਖੁਆਰ ਰਾਤਾਂ, ਮਹਿਲੀ ਬੈਠ ਅਭਾਗਣਾਂ ਰੋਵਣਾ ਏ।
ਹਰਚੰਦ ਸਿੰਘਾ ਜਿਨ੍ਹਾਂ ਨੇ ਖ਼ੂਨ ਪੀਤੇ, ਖ਼ੂਨ ਉਨ੍ਹਾਂ ਦਾ ਅੰਤ ਨੂੰ ਚੋਵਣਾ ਏ॥

994 ਸਮਝ ਸੋਚ ਕੇ ਜਾਣਾ ਪੰਜਾਬ ਸ਼ਾਹ ਜੀ, ਉਹ ਤੈਨੂੰ ਰਾਸ ਨਾ ਆਵਣਾ ਏ।
ਤੇਰੇ ਮਾਸ ਦੀ ਭੁੱਖੀ ਹੈ ਉਹ ਮਿੱਟੀ, ਤੈਂ ਉਥੇ ਹੀ ਮਰ ਜਾਵਣਾ ਏ।
ਸਾਨੂੰ ਪਤਾ ਤੂੰ ਪੁੱਛਣਾ ਚਾਹੁੰਦਾ ਸੀ, ਤੇਰੇ ਦਿਲ ਦਾ ਰਾਜ਼ ਸਮਝਾਵਣਾ ਏ।
ਹੁਣ ਤੇਰੇ ਵਸ ਹਰਚੰਦ ਸਿੰਘਾ, ਪੰਜਾਬ ਜਾਵਣਾ ਕੇ ਨਾ ਜਾਵਣਾ ਏ॥

### ਵਜ਼ੀਰ ਖ਼ਾਂ ਸੂਬਾ ਸਰਹਿੰਦ ਅਤੇ ਬਹਾਦਰ ਸ਼ਾਹ

995 ਵਜ਼ੀਰ ਖਾਂ ਨੇ ਨਵੇਂ ਬਾਦਸ਼ਾਹ ਨੂੰ, ਸਿਰ ਝੁਕਾਅ ਕੇ ਆ ਸਲਾਮ ਕੀਤੀ।
ਕੀਤੇ ਆਣ ਨਜ਼ਰਾਨੇ ਪੇਸ਼ ਉਸਨੇ, ਮਾਇਆ ਭੇਟਾ ਸੀ ਉਸ ਤਮਾਮ ਕੀਤੀ।
ਤਾਜ ਪੋਸ਼ੀ ਦੀ ਮੁਬਾਰਕਵਾਦ ਕਹਿ ਕੇ, ਗੱਲ ਪੰਜਾਬ ਦੀ ਉਸ ਨੇ ਆਮ ਕੀਤੀ।
ਬੰਦਾ ਆਪਦਾ ਨਮਕ ਹਲਾਲ ਸਾਈਂ, ਜਿੰਦ ਅਸਾਂ ਤੇ ਆਪਦੇ ਨਾਮ ਕੀਤੀ॥

996 ਹੁਕਮ ਦਾਸ ਨੂੰ ਦਿੱਲੀ ਤੋਂ ਜੋ ਆਇਆ, ਉਹੋ ਦਾਸ ਨੇ ਤੋੜ ਨਿਭਾਇਆ ਏ।
ਬਾਧ-ਘਾਟ ਰਤਾ ਨਹੀਂ ਹੋਣ ਦਿੱਤੀ, ਹਰ ਹੁਕਮ ਨੂੰ ਸੀਸ ਝੁਕਾਇਆ ਏ।
ਬੜਾ ਖਤਰਾ ਸਾਡੇ ਲਈ ਗੁਰੂ ਹੈ ਸੀ, ਅਸਾਂ ਉਸਨੂੰ ਕੱਢ ਭਜਾਇਆ ਏ।
ਬਦੀਖੋਰ ਉਹ ਬੜਾ ਹਰਚੰਦ ਸਿੰਘਾ, ਪੰਥ ਇਸ ਨੇ ਜੋ ਬਣਾਇਆ ਏ॥

997 ਲਿਖੇ ਚਿੱਠੀਆਂ ਇਹ ਪੰਜਾਬ ਤਾਈਂ, ਸਿੰਘ ਲੱਗੇ ਕਰਨ ਤਿਆਰੀਆਂ ਨੇ।
ਬੱਚਾ-ਬੱਚਾ ਹਥਿਆਰ ਬੰਦ ਹੋਇਆ, ਹੱਥੀਂ ਫੜੇ ਨੇਜ਼ੇ ਕਟਾਰੀਆਂ ਨੇ।
ਟੋਲੇ ਬੰਨ੍ਹ ਕੇ ਘੁੰਮਦੇ ਘੋੜਿਆਂ ਤੇ, ਥਾਂ ਥਾਂ ਤੇ ਲੁੱਟਾਂ ਮਾਰੀਆਂ ਨੇ।
ਇਹ ਗੁਰੂ ਖਤਰਨਾਕ ਬੜਾ, ਲਾਈਆਂ ਆਪ ਦੇ ਨਾਲ ਆ ਯਾਰੀਆਂ ਨੇ॥

998 ਫੜ ਇਸਨੂੰ ਕੈਦ ਦੇ ਵਿਚ ਪਾਓ, ਜਾਂ ਲੈ ਜਾਓ ਪੰਜਾਬ ਤੋਂ ਦੂਰ ਸਾਈਂ।
ਅੱਗੇ ਆਪਦੀ ਹੈ ਇੱਛਾ, ਬਾਦਸ਼ਾਹ ਹੋ ਆਪ ਹਜ਼ੂਰ ਸਾਈਂ।
ਕਰਾਮਾਤਾਂ ਇਸ ਵਿਚ ਬਹੁਤੀਆਂ ਨੇ, ਬੇ-ਡਰ ਤੇ ਬੜਾ ਮਗਰੂਰ ਸਾਈਂ।
ਹਰਚੰਦ ਸਿੰਘਾ ਖਤਮ ਜੇ ਨਾ ਕੀਤਾ, ਚੰਦ ਚ੍ਹਾੜੂ ਕੋਈ ਜ਼ਰੂਰ ਸਾਈਂ॥

999 ਸੱਪ ਉਪਰੋਂ ਕੂਲੇ ਤੇ ਸਾਫ਼ ਹੁੰਦੇ, ਪਰ ਅੰਦਰ ਰੱਖਦੇ ਜ਼ਹਿਰ ਮੀਆਂ।
ਕੀ ਕੀ ਗਿਣਾਵਾਂ ਆਪ ਨੂੰ ਮੈਂ, ਜੋ ਕੀਤੇ ਇਸਨੇ ਕਹਿਰ ਮੀਆਂ।
ਖੌਰੇ ਕਿਹੜੀ ਸ਼ਕਤੀ ਸਿੱਧ ਕੀਤੀ, ਕਰਦੇ ਪੂਜਾ ਪਿੰਡ ਤੇ ਸ਼ਹਿਰ ਮੀਆਂ।
ਹਿੰਦੂ, ਸਿੱਖ ਸਭ ਹਰਚੰਦ ਸਿੰਘਾ, ਧਿਆਉਂਦੇ ਇਸਨੂੰ ਅੱਠੇ ਪਹਿਰ ਮੀਆਂ॥
1000 ਕੋਈ ਗ਼ਲਤੀ ਦਾਸ ਤੋਂ ਜੇ ਹੋਈ, ਰਿਹਾਂ ਮੁਆਫ਼ੀ ਉਸਦੀ ਮੰਗ ਮੀਆਂ।
ਬੜਾ ਕੁੱਝ ਅਣਜਾਏ ਵਿਚ ਹੋ ਜਾਏ, ਜਦ ਹੋਣ ਮੈਦਾਨੇ ਜੰਗ ਮੀਆਂ।
ਗ਼ਲਤ-ਫਹਿਮੀ ਕੋਈ ਨਾ ਪਾਲ ਲੈਣੀ, ਗੁਰੂ ਦਿਖਾਏਗਾ ਬੜੇ ਹੀ ਰੰਗ ਮੀਆਂ।
ਹਰਚੰਦ ਸਿੰਘਾ ਅਸਾਂ ਨਹੀਂ ਹੋਣ ਦੇਣਾ, ਕਦੇ ਅਮਨ ਪੰਜਾਬ ਦਾ ਭੰਗ ਮੀਆਂ॥

1001 ਢਿੱਲਾ ਅਗਰ ਸੂਹਣ ਦਾ ਬੰਨ ਹੋ ਜੇ, ਉਹੋ ਤੀਲ੍ਹਾ ਤੀਲ੍ਹਾ ਹੋ ਜਾਏ।
ਢਿੱਲ ਦੁਸ਼ਮਣਾਂ ਤਾਈਂ ਵਰਤੀਏ ਜੇ, ਡਰ ਭੈ ਸਰਕਾਰ ਦਾ ਖੋ ਜਾਏ।
ਜੇ ਟੂਟੀ ਨੂੰ ਢਿੱਲੀ ਛੱਡ ਦੇਈਏ, ਪਾਣੀ ਚੋਂਦਾ ਚੋਂਦਾ ਚੋ ਜਾਏ।
ਫ਼ਸਲ ਵਿਚੋਂ ਨਦੀਨ ਜੇ ਗੁੱਡੀਏ ਨਾ, ਵਧਣ-ਫੁੱਲਣ ਤੋਂ ਉਹੋ ਖਲੋ ਜਾਏ॥

1002 ਰਾਜਨੀਤੀ ਇਹੋ ਦੱਸਦੀ ਏ, ਰੱਖੋ ਦੁਸ਼ਮਣਾਂ ਤਾਈਂ ਲਤਾੜ ਕੇ ਜੀ।
ਸਿਰ ਚੁੱਕੇ ਤਾਂ ਸਿਰ ਉਤਾਰ ਦੇਵੋ, ਹੱਥ ਚੁੱਕੇ ਤਾਂ ਰੱਖਦੋ ਝਾੜ ਕੇ ਜੀ।
ਨਾਲ ਨੌਕਰਾਂ ਹਾਸਾ-ਮਜ਼ਾਕ ਮਾੜਾ, ਰੱਖੋ ਉਨ੍ਹਾਂ ਨੂੰ ਖਿਚ ਕੇ-ਤਾੜ ਕੇ ਜੀ।
ਹਰਚੰਦ ਸਿੰਘਾ ਕਰੋ ਗ਼ਦਾਰ ਪੈਦਾ, ਰੱਖੋ ਪਰਜਾ ਤਾਈਂ ਪਾੜ ਕੇ ਜੀ॥

1003 ਤੁਸੀਂ ਫ਼ਿਕਰ ਪੰਜਾਬ ਦਾ ਕਰੋ ਨਾ ਹੀ, ਹਰ ਪਾਸੇ ਸਾਡੀ ਹੈ ਅੱਖ ਸਾਈਂ।
ਕਿਲੇ ਕੋਟ ਬੰਦੂਕਾਂ ਅਤੇ ਤੋਪਾਂ, ਫੌਜੀ ਰੱਖੇ ਪਾਲ ਕੇ ਲੱਖ ਸਾਈਂ।
ਮਲੇਰਕੋਟਲਾ ਜੰਮੂ ਲਾਹੌਰ ਸਾਰੇ, ਫ਼ੌਜਾਂ ਬੈਠੀਆਂ ਵੱਖੋ ਵੱਖ ਸਾਈਂ।
ਲੈ ਜਾਓ ਪੀਰ ਨੂੰ ਦੂਰ ਹਰਚੰਦ ਸਿੰਘਾ, ਫਿਰ ਰੱਬ ਦੀ ਸਾਨੂੰ ਰੱਖ ਸਾਈਂ॥

### ਕਵੀਓ ਵਾਚ

1004 ਮੁੱਖ ਰੱਖੀ ਸ਼ਾਹ ਨੇ ਬਾਦਸ਼ਾਹੀ, ਵਜ਼ੀਰ ਖ਼ਾਂ ਨੂੰ ਕੁੱਝ ਵੀ ਬੋਲਿਆ ਨਾ।
ਕੀਤੇ ਉਸਦੇ ਸਾਰੇ ਗੁਨਾਹ ਬਖਸ਼ੇ ਚਿੱਠਾ ਪਾਪਾਂ ਦਾ ਰਤੀ ਵੀ ਫੋਲਿਆ ਨਾ।
ਵਾਅਦੇ ਸਤਿਗੁਰਾਂ ਨਾਲ ਸੀ ਜੋ ਕੀਤੇ, ਉਨ੍ਹਾਂ ਵਾਰੇ ਰਤਾ ਵੀ ਗੌਲ਼ਿਆ ਨਾ।
ਹਰਚੰਦ ਸਿੰਘਾ ਪਾਸਕੂ ਮਾਰ ਗਿਆ, ਸੌਦਾ ਸੱਚ ਦਾ ਪੂਰਾ ਤੋਲਿਆ ਨਾ॥

1005 ਵਜ਼ੀਰ ਖਾਂ ਦੇ ਸੁਣਕੇ ਮਿੰਨਤ-ਤਰਲੇ, ਬਹਾਦਰ ਸ਼ਾਹ ਨੂੰ ਭੁੱਲੇ ਰੰਜ ਮੀਆਂ।
ਗੁੱਸੇ-ਗਿਲੇ ਉਸਦੇ ਇੰਝ ਲਹਿ ਗਏ, ਜਿਵੇਂ ਸੱਪ ਦੀ ਲੱਥਦੀ ਕੰਜ ਮੀਆਂ।
ਤੂੰ ਗੁਰੂ ਦੀ ਰਤੀ ਨਾ ਕਰ ਚਿੰਤਾ, ਲੈ ਜਾਉਂ ਦੱਖਣ ਨੂੰ ਵੰਜ ਮੀਆਂ।
ਹਰਚੰਦ ਸਿੰਘਾ ਜਾਹ ਨਿਧੱੜਕ ਹੋ ਕੇ, ਤੇਰੇ ਸਪੁਰਦ ਦਰਿਆ ਨੇ ਪੰਜ ਮੀਆਂ॥

1006 ਵਜ਼ੀਰ ਖਾਂ ਦਿੱਲੀ ਤੋਂ ਖੁਸ਼ ਹੋ ਕੇ, ਉਹ ਵਲ ਪੰਜਾਬ ਦੇ ਆਇਆ ਏ।
ਸ਼ੇਰ ਖਾਂ ਦੀ ਮੱਤ ਸੀ ਕੰਮ ਕਰ ਗਈ, ਵੱਡਾ ਰੁਤਵਾ ਉਸ ਨੇ ਪਾਇਆ ਏ।
ਬਾਦਸ਼ਾਹ ਤੋਂ ਲੈ ਫਰਮਾਨ ਕਰੜਾ, ਘਰ ਘਰ ਦੇ ਵਿੱਚ ਸੁਣਾਇਆ ਏ।
ਪਲ ਪਲ ਦੀ ਦੇਂਵਦੇ ਜਾਣਕਾਰੀ, ਥਾਂ ਥਾਂ ਤੇ ਭੇਤੀ ਬਹਾਇਆ ਏ॥

1007 ਲੋਕੀ ਦਿੱਲੀ ਤੋਂ ਡਰਦੇ ਸੱਪ ਵਾਂਙੂ, ਦਸਮੇਸ਼ ਪਿਤਾ ਉਥੇ ਵੀ ਆ ਗਏ।
ਖੁੱਲ੍ਹਮ ਖੁੱਲ੍ਹਾ ਸਿੱਖੀ ਪ੍ਰਚਾਰ ਕੀਤਾ, ਅੰਮ੍ਰਿਤ ਸਿੰਘਾਂ ਨੂੰ ਉਹ ਛਕਾ ਗਏ।
ਲਾਲ ਕਿਲੇ ਵਿਚ ਵੀ ਚਰਨ ਪਾਏ, ਯਮੁਨਾ ਨਦੀ ਨੂੰ ਦਰਸ ਦਿਖਾ ਗਏ।
ਕੈਨੇਡਾ ਵਿਚ ਵੀ ਤੈਥੋਂ ਹਰਚੰਦ ਸਿੰਘਾ, ਗੁਰੂ ਜਸ ਉਹ ਆਪ ਲਿਖਾ ਗਏ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE 1973 THE LINK GROUP 2022
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523



Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ: 604-901-9044, Email: kashkaur59@gmail.com

ap 09

◆◆◆◆◆◆◆◆◆◆◆◆◆◆

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ– 778-551-1800

feb 12

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਸੁੰਦਰ ਜੱਟ ਸਿੱਖ ਲੜਕਾ (ਵੈਨਕੋਵਰ) ਨਵੰਬਰ 91, 5'11" ਇੰਜੀਨੀਅਰ, ਮਾਪੇ ਟੀਚਰ ਰਿਟਾਇਰਡ ਵਾਸਤੇ ਸੁੰਦਰ, ਲੰਮੀ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੱਡੀ ਬੇਸ, ਵਰਕ ਪਰਮਟ ਵੀ ਵਿਚਾਰਯੋਗ। ਲੜਕਾ ਖੰਨਾ, ਸਮਰਾਲਾ ਏਰੀਏ ਨਾਲ ਸਬੰਧ ਰੱਖਦਾ ਹੈ। ਮੈਰਿਜ ਬਿਊਰੋ ਮਾਫ ਕਰਨ।
Phone: +1(778) 636-4622,
94637-48264 (INDIA)

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਲੜਕਾ ਉਮਰ 31 ਸਾਲ ਕੱਦ 6' ਵਧੀਆ ਜੌਬ ਕਰਦਾ ਹੈ ਵਾਸਤੇ ਯੋਗ ਕੈਨੇਡੀਅਨ ਸਿਟੀਜਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 778-847-2800 ਨੰਬਰ 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋਂ ਘੱਟ 5'5" ਹੋਵੇ। ਸੰਪਰਕ: 604-308-8138

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ– 8427795577 (ਵਟਸ ਐਪ), ਕਾਲ: 7788896191//2363308884

mar 12

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

feb 05

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

# ਆਜ਼ਾਦੀ ਦਾ ਪਰਵਾਨਾ ਸ਼ਹੀਦ-ਏ-ਆਜ਼ਮ ਭਗਤ ਸਿੰਘ

ਜੋਸ਼ ਅਤੇ ਹੋਸ਼ ਦੇ ਵਿਕਾਸ ਦਾ ਸੁਮੇਲ ਭਗਤ ਸਿੰਘ ਅੱਜ ਵੀ ਇਕੱਲਾ ਪੰਜਾਬ ਦੇ ਹੀ ਨਹੀਂ ਸਗੋਂ ਸਮੁੱਚੇ ਭਾਰਤ ਦੇ ਕਰੋੜਾਂ ਨੌਜਵਾਨਾਂ ਦੇ ਖ਼ੂਨ ਨੂੰ ਗਰਮਾਉਂਦਾ ਹੈ ਤੇ ਹਰ ਬੇਜਾਨ ਧੜਕਨ



ਵਿੱਚ ਜਾਨ ਪਾ ਦਿੰਦਾ ਹੈ। ਭਗਤ ਸਿੰਘ ਤੇ ਉਸ ਦੇ ਸਾਥੀ ਮਿਹਨਤਕਸ਼ ਆਵਾਮ ਦੀ ਆਜ਼ਾਦੀ ਸੰਗਰਾਮ ਦੇ ਉਹ ਸੂਰਬੀਰ ਸ਼ਹੀਦ ਹਨ ਜਿਨ੍ਹਾਂ ਨੂੰ ਸਰਕਾਰੇ-ਦਰਬਾਰੇ ਮਾਨਤਾ ਮਿਲੇ ਜਾਂ ਨਾ ਮਿਲੇ ਪਰ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਘਰ ਬਣਾਈ ਰੱਖਿਆ ਹੈ ਤੇ ਜੋ ਹਮੇਸ਼ਾ ਰਹੇਗਾ। ਭਗਤ ਸਿੰਘ ਉਸ ਸਮੇਂ ਪੈਦਾ ਹੋਇਆ ਜਦੋਂ ਸੰਸਾਰ ਵਿੱਚ ਇਨਕਲਾਬੀ ਲਹਿਰਾਂ ਜ਼ੋਬਨ 'ਤੇ ਸਨ। ਭਾਰਤ ਵਿੱਚ ਵੀ ਵੱਖ-ਵੱਖ ਰੂਪਾਂ ਵਿੱਚ ਇਹ ਘੋਲ ਅੱਗੇ ਵੱਧ ਰਿਹਾ ਸੀ। ਭਗਤ ਸਿੰਘ ਦਾ ਸਮੁੱਚਾ ਪਰਿਵਾਰ ਆਜ਼ਾਦੀ ਦੀ ਲਹਿਰ ਵਿੱਚ ਸਰਗਰਮ ਸੀ। ਉਨ੍ਹਾਂ ਦੇ ਚਾਚਾ ਅਜੀਤ ਸਿੰਘ ਨੂੰ ਸਾਮਰਾਜੀਆਂ ਵੱਲੋਂ 1907 ਵਿੱਚ ਜਲਾਵਤਨ ਕਰਨਾ ਤੇ ਦੂਸਰੇ ਚਾਚਾ ਸਰਵਨ ਸਿੰਘ ਦਾ ਜੇਲ੍ਹ ਵਿੱਚ ਹੁੰਦੇ ਭੈੜੇ ਵਰਤਾਓ ਕਾਰਨ ਅਕਾਲ ਚਲਾਣਾ ਕਰਨਾ ਅਤੇ ਪਿਤਾ ਜੀ ਦਾ ਵੀ ਦੇਸ਼ ਸੇਵਾ ਲਈ ਵਾਰ-ਵਾਰ ਜੇਲ੍ਹ ਜਾਣਾ, ਦੇ ਮਾਹੌਲ ਨਾਲ ਭਗਤ ਸਿੰਘ ਆਪਣੇ ਆਪ ਹੀ ਇਨਕਲਾਬੀ ਬਣ ਗਿਆ। ਨੌਵੀਂ ਜਮਾਤ ਵਿੱਚ ਹੀ ਉਹ ਨਾ-ਮਿਲਵਰਤਨ ਅੰਦੋਲਨ ਵਿੱਚ ਕੁੱਦ ਪਿਆ ਸੀ। ਕਾਲਜ ਦੀ ਪੜ੍ਹਾਈ ਛੱਡ ਕੇ ਘਰਦਿਆਂ ਦੇ ਵਿਆਹ ਦੇ ਪ੍ਰਸਤਾਵ ਨੂੰ ਨਾਂਹ ਕਰਦਾ ਹੋਇਆ ਉਹ 1924 ਵਿੱਚ ਕਾਨਪੁਰ ਜਾ ਪੁੱਜਾ। ਉਸ ਨੇ 1926 ਵਿੱਚ ਨੌਜਵਾਨਾਂ ਨੂੰ ਜਥੇਬੰਦ ਕਰਨ ਲਈ ਨੌਜਵਾਨ ਭਾਰਤ ਸਭਾ ਕਾਇਮ ਕੀਤੀ ਜਿਸ ਦਾ ਜਨਰਲ ਸਕੱਤਰ ਵੀ ਭਗਤ ਸਿੰਘ ਨੂੰ ਬਣਾਇਆ ਗਿਆ। ਫਿਰ ਜਦੋਂ ਉਹ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਵਿੱਚ ਸ਼ਾਮਲ ਹੋਇਆ ਤਾਂ ਭਗਤ ਸਿੰਘ ਦੇ ਜ਼ੋਰ ਦੇਣ 'ਤੇ ਹੀ ਇਸ ਨਾਲ ਸ਼ਬਦ ਸੋਸ਼ਲਿਸਟ ਜੋੜ ਦਿੱਤਾ ਗਿਆ ਅਤੇ ਇਸ ਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਕਰ ਦਿੱਤਾ ਗਿਆ। ਭਗਤ ਸਿੰਘ ਨੇ ਇਸ ਦਲ ਨੂੰ ਮਜ਼ਬੂਤੀ ਨਾਲ ਸੰਗਠਿਤ ਕਰਨ ਵੱਲ ਹੰਭਲਾ ਮਾਰਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੁਆਰਾ ਸਾਂਡਰਸ ਨੂੰ ਗੋਲੀ ਮਾਰ ਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਗਿਆ ਤਾਂ ਛੋਟੇ-ਵੱਡੇ ਸਭ ਲੋਕਾਂ ਦੇ ਹਾਵ-ਭਾਵ ਬਦਲ ਗਏ ਅਤੇ ਇਨਕਲਾਬੀ ਦਲ ਨੂੰ ਕੌਮੀ ਅਣਖ ਦਾ ਰਾਖਾ ਸਮਝਿਆ ਜਾਣ ਲੱਗਾ। ਭਗਤ ਸਿੰਘ ਨੂੰ ਪਹਿਲਾਂ ਬਹੁਤ ਲੋਕ ਨਹੀਂ ਜਾਣਦੇ ਸਨ ਪਰ ਉਹ ਇਸ ਲਈ ਪ੍ਰਸਿੱਧ ਹੋ ਗਿਆ ਕਿ ਲੋਕਾਂ ਨੂੰ ਇਹ ਜਾਪਣ ਲੱਗਾ ਕਿ ਉਨ੍ਹਾਂ ਨੇ ਘੱਟੋ-ਘੱਟ ਉਸ ਵੇਲੇ ਤਾਂ ਲਾਲਾ ਲਾਜਪਤ ਰਾਏ ਅਤੇ ਦੇਸ਼ ਦੇ ਸਵੈਮਾਣ ਦੀ ਰਾਖੀ ਕੀਤੀ। ਇਸ ਪ੍ਰਕਾਰ ਉਹ ਇੱਕ ਪ੍ਰਤੀਕ ਬਣ ਗਏ। ਲੋਕ ਇਸ ਕੰਮ ਨੂੰ ਤਾਂ ਭੁੱਲ ਗਏ ਪਰ ਇਹ ਪ੍ਰਤੀਕ ਕੁਝ ਮਹੀਨਿਆਂ ਦੇ ਅੰਦਰ ਹੀ ਫੈਲ ਗਿਆ ਅਤੇ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਨਾਲ ਹੀ ਉੱਤਰੀ ਭਾਰਤ ਉਸ ਦੇ ਨਾਂ ਨਾਲ ਗੂੰਜਣ ਲੱਗਾ, ਭਗਤ ਸਿੰਘ ਹੁਣ ਅੰਗਰੇਜ਼ਾਂ ਲਈ






ਵੱਡੀ ਚੁਣੌਤੀ ਬਣ ਚੁੱਕਾ ਸੀ। ਮਜ਼ਦੂਰ ਤਬਕੇ ਦੀਆਂ ਉਭਰਦੀਆਂ ਲਹਿਰਾਂ ਨੂੰ ਕੁਚਲਣ ਲਈ 'ਟਰੇਡ ਡਿਸਟੀਪਿਊਟ' ਅਤੇ 'ਪਬਲਿਕ ਸੇਫਟੀ ਬਿਲ' ਪਾਸ ਕੀਤਾ ਜਾਣਾ ਸੀ। ਇਸ ਦਾ ਵਿਰੋਧ ਕਰਨ ਲਈ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਅਸੈਂਬਲੀ ਵਿੱਚ ਬੰਬ ਸੁੱਟਿਆ ਅਤੇ ਇਨਕਲਾਬ ਜ਼ਿੰਦਾਬਾਦ, ਬ੍ਰਿਟਿਸ਼ ਸਾਮਰਾਜਵਾਦ ਮੁਰਦਾਬਾਦ ਦੇ ਵੀਰਤਾ ਭਰਪੂਰ ਨਾਅਰੇ ਲਗਾਉਂਦਿਆਂ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ।

ਇਸ ਦਾ ਮਨੋਰਥ ਇਹ ਸੀ ਕਿ ਉਹ ਅਦਾਲਤ ਦੇ ਸਾਹਮਣੇ ਆਪਣਾ ਪ੍ਰੋਗਰਾਮ ਖੁੱਲ੍ਹੇ ਰੂਪ ਵਿੱਚ ਪੇਸ਼ ਕਰ ਸਕਣ ਅਤੇ ਸਾਰੇ ਦੇਸ਼ ਨੂੰ ਅਮਲੀ ਕਦਮ ਚੁੱਕਣ ਲਈ ਕੇਂਦਰਿਤ ਕਰ ਸਕਣ। ਅਸੈਂਬਲੀ ਵਿੱਚ ਇਹ ਬੰਬ 8 ਅਪ੍ਰੈਲ 1929 ਨੂੰ ਸੁੱਟੇ ਗਏ ਅਤੇ15 ਅਪ੍ਰੈਲ ਤਕ ਉਨ੍ਹਾਂ ਦੇ ਦਲ ਦੇ ਸਾਰੇ ਮੈਂਬਰ ਫੜ ਲਏ ਗਏ। ਉਨ੍ਹਾਂ ਜੇਲ੍ਹ ਵਿੱਚ ਕੌਮੀ ਲਹਿਰ ਦੀ ਸਭ ਤੋਂ ਲੰਮੀ ਇਤਿਹਾਸਕ ਭੁੱਖ ਹੜਤਾਲ ਲੜੀ ਅਤੇ ਅੰਗਰੇਜ਼ ਹਾਕਮਾਂ ਨੂੰ ਝੁਕਾਇਆ।ਇਸ ਬੰਬ ਕੇਸ ਵਿੱਚ ਭਗਤ ਸਿੰਘ ਤੇ ਦੱਤ ਨੂੰ ਉਮਰ ਕੈਦ ਦੀ ਸਜ਼ਾ ਮਿਲੀ। ਲਾਹੌਰ ਸਾਜ਼ਿਸ਼ ਕੇਸ ਵਿੱਚ 7 ਅਕਤੂਬਰ 1930 ਨੂੰ ਭਗਤ ਸਿੰਘ ਤੇ ਉਸ ਦੇ ਸਾਥੀਆਂ ਰਾਜਗੁਰੂ, ਸੁਖਦੇਵ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਫ਼ੈਸਲਾ ਆਉਂਦਿਆਂ ਹੀ ਦੇਸ਼ ਭਰ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਪਰ ਇਸ ਸਮੇਂ ਕਾਂਗਰਸੀ ਲੀਡਰ ਲਾਰਡ ਇਰਵਿਨ ਨਾਲ ਸਮਝੌਤਾ ਕਰਨ ਵਿੱਚ ਰੁੱਝੇ ਹੋਏ ਸਨ ਤੇ ਜਨਤਾ ਦੀ ਜ਼ੋਰਦਾਰ ਮੰਗ ਦੇ ਬਾਵਜੂਦ ਗਾਂਧੀ ਜੀ ਨੇ ਇਸ ਸਮਝੌਤੇ ਵਿੱਚ ਇਹ ਸ਼ਰਤ ਰੱਖਣ ਦੀ ਇੱਕ ਵੀ ਕੋਸ਼ਿਸ਼ ਨਹੀਂ ਕੀਤੀ ਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਮੌਤ ਦੀ ਸਜ਼ਾ ਵਾਪਸ ਲਈ ਜਾਵੇ। 22 ਮਾਰਚ 1931 ਨੂੰ ਸੈਂਟਰਲ ਜੇਲ੍ਹ ਲਾਹੌਰ ਦੇ 19 ਨੰਬਰ ਵਾਰਡ ਵਿੱਚ ਰਹਿਣ ਵਾਲੇ ਦੂਸਰੇ ਲਾਹੌਰ ਸਾਜ਼ਿਸ ਕੇਸ ਦੇ ਬੰਦੀ ਇਨਕਲਾਬੀਆਂ ਨੇ ਭਗਤ ਸਿੰਘ ਕੋਲ ਇੱਕ ਚਿੱਟ ਭੇਜੀ,"ਸਰਦਾਰ, ਜੇ ਤੁਸੀ ਫ਼ਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ? ਇਨ੍ਹਾਂ ਘੜੀਆਂ ਵਿੱਚ ਸ਼ਾਇਦ ਕੁਝ ਹੋ ਸਕੇ। ਭਗਤ ਸਿੰਘ ਨੇ ਮੋੜਵਾਂ ਜਵਾਬ ਭੇਜਿਆ, "ਜਿਉਂਦਿਆਂ ਰਹਿਣ ਦੀ ਖਾਹਿਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ ਪਰ ਮੇਰਾ ਜਿਉਂਦਿਆਂ ਰਹਿਣਾ ਇੱਕ ਸ਼ਰਤ 'ਤੇ ਹੈ ਕਿ ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜਿਉਂਦਾ ਨਹੀਂ ਰਹਿਣਾ ਚਾਹੁੰਦਾ ਮੇਰਾ ਨਾਂ 'ਹਿੰਦੁਸਤਾਨੀ ਇਨਕਲਾਬ' ਦਾ ਨਿਸ਼ਾਨ ਬਣ ਚੁੱਕਾ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਾ ਕਰ ਦਿੱਤਾ ਹੈ, ਐਨਾ ਉੱਚਾ ਕਿ ਜਿਉਂਦਿਆਂ ਰਹਿਣ ਦੀ ਸੂਰਤ ਵਿੱਚ ਇਸ ਨਾਲੋਂ ਉੱਚਾ ਮੈਂ ਕਦੇ ਨਹੀਂ ਹੋ ਸਕਾਂਗਾ। ਅੱਜ ਮੇਰੀਆਂ ਕਮਜ਼ੋਰੀਆਂ ਲੋਕਾਂ ਸਾਹਮਣੇ ਨਹੀਂ ਹਨ। ਜੇ ਮੈਂ ਫ਼ਾਂਸੀ ਤੋਂ ਬਚ ਗਿਆ ਤਾਂ ਉਹ ਕਮਜ਼ੋਰੀਆਂ ਜੱਗ ਜ਼ਾਹਰ ਹੋ ਜਾਣਗੀਆਂ ਅਤੇ ਇਨਕਲਾਬ ਦਾ ਨਿਸ਼ਾਨਾ ਮੱਧਮ ਪੈ ਜਾਵੇਗਾ ਜਾਂ ਸ਼ਾਇਦ ਮਿਟ ਜਾਵੇਗਾ ਪਰ ਮੇਰੀ ਦਲੇਰੀ ਭਰੇ ਢੰਗ ਨਾਲ ਹੱਸਦਿਆਂ-ਹੱਸਦਿਆਂ ਫ਼ਾਂਸੀ ਚੜਨ ਦੀ ਸੂਰਤ ਵਿੱਚ ਹਿੰਦੁਸਤਾਨੀ ਮਾਵਾਂ ਆਪਣਿਆਂ ਬੱਚਿਆਂ ਦੇ ਭਗਤ ਸਿੰਘ ਬਨਣ ਦੀ ਆਰਜ਼ੂ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਐਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ। ਹਾਂ, ਇੱਕ ਖਿਆਲ ਅੱਜ ਵੀ ਆਉਂਦਾ ਹੈ ਕਿ ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿੱਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਆਜ਼ਾਦ ਜਿਉਂਦਾ ਰਹਿ ਸਕਦਾ ਤਾਂ ਸ਼ਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ। ਇਹਦੇ ਬਿਨਾਂ ਕੋਈ ਲਾਲਚ ਮੇਰੇ ਦਿਲ ਵਿੱਚ ਫ਼ਾਂਸੀ ਤੋਂ ਬਚੇ ਰਹਿਣ ਲਈ ਕਦੇ ਨਹੀਂ ਆਇਆ। ਮੈਥੋਂ ਵੱਧ ਖੁਸ਼ਕਿਸ਼ਮਤ ਕੌਣ ਹੋਵੇਗਾ, ਮੈਨੂੰ ਅੱਜ ਕੱਲ੍ਹ ਆਪਣੇ-ਆਪ 'ਤੇ ਨਾਜ਼ ਹੈ। ਹੁਣ ਤਾਂ ਬੜੀ ਬੇਸਬਰੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ। ਅਖੀਰ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਨ੍ਹਾਂ ਤਿੰਨਾਂ ਸੂਰਬੀਰ ਇਨਕਲਾਬੀ ਸਾਥੀਆਂ ਨੂੰ ਫ਼ਾਂਸੀ ਚੜ੍ਹਾ ਦਿੱਤਾ ਗਿਆ ਤੇ ਉਹ 'ਇਨਕਾਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਲਾਉਂਦਿਆਂ ਸ਼ਹੀਦ ਹੋ ਗਏ। ਭਗਤ ਸਿੰਘ ਅਤੇ ਉਸ ਦੇ ਸਾਥੀ ਆਪਣੀ ਕੁਰਬਾਨੀ ਲਗਨ, ਦਲੇਰੀ ਤੇ ਨਿਡਰਤਾ ਨਾਲ ਅਮਰ ਹੋ ਗਏ ਪਰ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਅਜੇ ਤਕ ਸਿਰਜਿਆ ਨਹੀਂ ਜਾ ਸਕਿਆ। ਸ਼ਹੀਦ ਭਗਤ ਸਿੰਘ ਨੇ 7 ਜੂਨ 1929 ਨੂੰ ਅਦਾਲਤ ਵਿੱਚ ਕਿਹਾ ਸੀ ਕਿ ਇਨਕਲਾਬ ਲਈ ਇਹ ਜ਼ਰੂਰੀ ਨਹੀਂ ਕਿ ਇਸ ਨੂੰ ਖ਼ੂਨ ਨਾਲ ਰੰਗਿਆ ਜਾਵੇ, ਨਾ ਹੀ ਇਸ ਵਿੱਚ ਵਿਅਕਤੀਗਤ ਕਤਲ ਦੀ ਗੁੰਜਾਇਸ਼ ਹੈ। ਇਨਕਲਾਬ ਦਾ ਮੰਤਵ ਇਹ ਹੈ ਕਿ ਸਮਾਜ ਦੇ ਪ੍ਰਬੰਧ ਨੂੰ ਇਸ ਮਜ਼ਬੂਤੀ ਨਾਲ ਕਾਇਮ ਕਰੀਏ ਕਿ ਇਸ ਵਿੱਚ ਸਭ ਕਿਸਮ ਦੇ ਵਿਤਕਰੇ ਖ਼ਤਮ ਹੋ ਜਾਣ ਤੇ ਹਰ ਇੱਕ ਨੂੰ ਪੂਰੀ ਆਜ਼ਾਦੀ ਅਤੇ ਲੋੜ ਅਨੁਸਾਰ ਹਰ ਚੀਜ਼ ਮਿਲੇ। ਇਹ ਸਾਡਾ ਗਾਡੀ ਰਾਹ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਨਿਸ਼ਾਨਾ ਤਦ ਹੀ ਪੂਰਾ ਹੋਵੇਗਾ ਜਦੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋ ਕੇ, ਸਮਾਨਤਾ ਵਾਲੇ ਸਮਾਜ ਦੀ ਉਸਾਰੀ ਹੋਵੇਗੀ। ਸ਼ਹੀਦ ਭਗਤ ਸਿੰਘ ਦੇ ਉਦੇਸ਼ ਦੀ ਪੂਰਤੀ ਹੀ ਉਸ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

ਸ਼ਹੀਦ ਭਗਤ ਸਿੰਘ ਨੇ 7 ਜੂਨ 1929 ਨੂੰ ਅਦਾਲਤ ਵਿੱਚ ਕਿਹਾ ਸੀ ਕਿ ਇਨਕਲਾਬ ਲਈ ਇਹ ਜ਼ਰੂਰੀ ਨਹੀਂ ਕਿ ਇਸ ਨੂੰ ਖ਼ੂਨ ਨਾਲ ਰੰਗਿਆ ਜਾਵੇ, ਨਾ ਹੀ ਇਸ ਵਿੱਚ ਵਿਅਕਤੀਗਤ ਕਤਲ ਦੀ ਗੁੰਜਾਇਸ਼ ਹੈ। ਇਨਕਲਾਬ ਦਾ ਮੰਤਵ ਇਹ ਹੈ ਕਿ ਸਮਾਜ ਦੇ ਪ੍ਰਬੰਧ ਨੂੰ ਇਸ ਮਜ਼ਬੂਤੀ ਨਾਲ ਕਾਇਮ ਕਰੀਏ ਕਿ ਇਸ ਵਿੱਚ ਸਭ ਕਿਸਮ ਦੇ ਵਿਤਕਰੇ ਖ਼ਤਮ ਹੋ ਜਾਣ ਤੇ ਹਰ ਇੱਕ ਨੂੰ ਪੂਰੀ ਆਜ਼ਾਦੀ ਅਤੇ ਲੋੜ ਅਨੁਸਾਰ ਹਰ ਚੀਜ਼ ਮਿਲੇ। ਇਹ ਸਾਡਾ ਗਾਡੀ ਰਾਹ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਨਿਸ਼ਾਨਾ ਤਦ ਹੀ ਪੂਰਾ ਹੋਵੇਗਾ ਜਦੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋ ਕੇ, ਸਮਾਨਤਾ ਵਾਲੇ ਸਮਾਜ ਦੀ ਉਸਾਰੀ ਹੋਵੇਗੀ। ਸ਼ਹੀਦ ਭਗਤ ਸਿੰਘ ਦੇ ਉਦੇਸ਼ ਦੀ ਪੂਰਤੀ ਹੀ ਉਸ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

# ਭਗਤ ਸਿੰਘ ਬਾਰੇ ਅਣਫਰੋਲੇ ਵਰਕੇ

ਭਗਤ ਸਿੰਘ ਦੇ ਛੋਟੇ ਭਰਾ ਰਣਬੀਰ ਸਿੰਘ ਦੇ ਘਰ ਕਈ ਦਹਾਕਿਆਂ ਤੋਂ ਕੁਝ ਅਣਫੋਲੇ ਵਰਕੇ ਪਏ ਰਹੇ। ਹਾਲ ਹੀ ਵਿੱਚ ਇਨ੍ਹਾਂ ਨੂੰ ਪਲਟਿਆ ਗਿਆ ਤਾਂ 23 ਸਾਲ ਦੀ ਉਮਰ ਵਿੱਚ ਫ਼ਾਂਸੀ ਦਾ ਰੱਸੇ ਚੁੰਮਣ ਵਾਲੇ ਇਸ ਇਨਕਲਾਬੀ ਦੀ ਜ਼ਿੰਦਗੀ ਬਾਰੇ ਨਵੀਆਂ ਪਰਤਾਂ ਖੁੱਲ੍ਹੀਆਂ। ਇਹ ਲਿਖਤਾਂ ਪਾਠਕ ਨੂੰ ਨਵਾਂਸ਼ਹਿਰ ਦੇ ਪਿੰਡ ਬੰਗਾ ਵਿੱਚ ਲੈ ਜਾਂਦੀਆਂ ਹਨ ਜੋ ਤਕਰੀਬਨ 70 ਘਰਾਂ ਵਾਲਾ ਛੋਟਾ ਜਿਹਾ ਪਿੰਡ ਹੈ। ਉਹ ਦੱਸਦਾ ਹੈ ਕਿ ਸਰੀਰਕ ਪੱਖੋਂ ਮਾੜਚੂ ਜਿਹਾ ਜਾਪਦਾ ਭਗਤ ਸਿੰਘ ਦੂਜਿਆਂ ਦੇ ਕੰਧੇੜੇ ਚੜ੍ਹ ਕੇ ਜਾਂਦਿਆਂ ਉਨ੍ਹਾਂ ਨੂੰ ਹਾਸੋਹੀਣੀਆਂ ਗੱਲਾਂ ਕਰ ਕਰ ਹਸਾਉਂਦਾ ਰਹਿੰਦਾ ਸੀ। ਆਮ ਮੁੰਡੇ ਪਿੰਡ ਦੇ ਛੱਪੜ ਵਿੱਚ ਨਹਾਉਂਦੇ, ਬਾਹਰ ਆਉਣ ਮਗਰੋਂ ਫਿਰ ਡੂੰਘੇ ਪਾਣੀ ਵਿੱਚ ਚਲੇ ਜਾਂਦੇ ਅਤੇ ਗੰਦੇ ਹੋ ਜਾਂਦੇ। ਭਗਤ ਸਿੰਘ ਵੀ ਉਨ੍ਹਾਂ ਵਰਗਾ ਹੀ ਤਾਂ ਸੀ। ਇਹ ਜਾਣ ਕੇ ਮਨ ਵਿੱਚ ਸੁਆਲ ਉੱਠਦਾ ਹੈ ਕਿ ਫਿਰ ਭਗਤ ਸਿੰਘ ਇਨਕਲਾਬੀ ਰੰਗ 'ਚ ਕਿਵੇਂ ਰੰਗਿਆ ਗਿਆ ਜੋ ਉਸ ਨੂੰ ਸ਼ਹੀਦ-ਏ-ਆਜ਼ਮ ਦਾ ਲਕਬ ਦਿੱਤਾ ਗਿਆ? ਭਗਤ ਸਿੰਘ ਆਪਣੇ ਵੱਡੇ ਭਰਾ ਜਗਤ ਸਿੰਘ ਨਾਲ ਹਰ ਵੇਲੇ ਪਰਛਾਵੇਂ ਵਾਂਗ ਰਹਿੰਦਾ। ਜਦੋਂ ਉਹ ਪਿੰਡ ਵਿੱਚੋਂ ਲੰਘ ਰਹੇ ਹੁੰਦੇ ਤਾਂ ਲੋਕ ਉਨ੍ਹਾਂ ਨੂੰ ਪੁੱਛਦੇ ਕਿ ਉਹ ਕੀ ਬਣਨਾ ਚਾਹੁੰਦੇ ਹਨ। ਛੇ ਸਾਲ ਦੀ ਉਮਰ ਵਿੱਚ ਕਾਰਟੂਨ ਮੈਗਜ਼ੀਨ ਛਾਪਣ ਵਾਲਾ ਜਗਤ ਸਿੰਘ ਕਹਿੰਦਾ, "ਮੈਂ ਅਖ਼ਬਾਰ ਕੱਢਾਂਗਾ।" ਭਗਤ ਸਿੰਘ ਕਹਿੰਦਾ, "ਮੈਂ ਦਮੂਕਾਂ (ਬੰਦੂਕਾਂ) ਬੀਜਾਂਗਾ।" ਪੂਰਾ ਪਰਿਵਾਰ ਬ੍ਰਿਟਿਸ਼ ਸਰਕਾਰ ਪ੍ਰਤੀ ਵਿਰੋਧ ਅਤੇ ਦੇਸ਼ ਲਈ ਪਿਆਰ ਰੱਖਦਾ ਸੀ। ਭਗਤ ਸਿੰਘ ਉੱਤੇ ਸਭ ਤੋਂ ਪਹਿਲਾ ਪ੍ਰਭਾਵ ਆਪਣੇ ਚਾਚਾ ਅਜੀਤ ਸਿੰਘ ਦਾ ਪਿਆ ਜਿਨ੍ਹਾਂ ਨੇ ਆਜ਼ਾਦੀ ਘੁਲਾਟੀਏ ਸੂਫ਼ੀ ਅੰਬਾ ਪ੍ਰਸਾਦ ਮਿਲ ਕੇ ਦੇਸ਼ ਦੇ ਪਹਿਲੇ ਇਨਕਲਾਬੀ ਗਰੁੱਪਾਂ ਵਿੱਚੋਂ ਇੱਕ ਦੀ ਨੀਂਹ ਰੱਖੀ। ਅਜੀਤ ਸਿੰਘ ਸਿੰਘ ਨੂੰ ਅੰਬਾ ਪ੍ਰਸਾਦ ਸਮੇਤ ਜਲਾਵਤਨੀ ਦੇ ਕੇ ਇਰਾਨ ਭੇਜਿਆ ਗਿਆ ਤਾਂ ਤਿੰਨ ਸਾਲ ਦੇ ਭਗਤ ਨੂੰ ਲੋਕ ਪੁੱਛਦੇ ਕਿ ਉਸ ਦਾ ਚਾਚਾ ਕਿੱਥੇ ਹੈ। ਉਹ ਕਹਿੰਦਾ ਕਿ ਉਹ ਬਹੁਤ ਦੂਰ ਮੁਹਾਜ਼ 'ਤੇ ਗੋਰਿਆਂ ਨੂੰ ਮਾਰਨ ਗਏ ਹਨ ਅਤੇ ਉਨ੍ਹਾਂ ਨੂੰ ਭਜਾਉਣ ਤੋਂ ਬਾਅਦ ਪਰਤ ਆਉਣਗੇ। ਇਹ ਗੱਲ ਸੱਚ ਵੀ ਸਾਬਤ ਹੋਈ। ਜਦੋਂ ਅੰਗਰੇਜ਼ਾਂ ਨੇ 1947 ਵਿੱਚ ਭਾਰਤ ਛੱਡਿਆ, ਉਸੇ ਸਾਲ ਅਜੀਤ ਸਿੰਘ ਵੀ ਵਤਨ ਪਰਤ ਆਏ ਸਨ। ਉਂਜ, ਜਿਸ ਰਾਤ ਦੇਸ਼ ਨੂੰ ਆਜ਼ਾਦੀ ਮਿਲੀ, ਉਸੇ ਰਾਤ ਉਨ੍ਹਾਂ ਦਾ ਦੇਹਾਂਤ ਹੋ ਗਿਆ। ਰਣਬੀਰ ਸਿੰਘ, ਭਗਤ ਸਿੰਘ ਅਤੇ ਉਸ ਦੇ ਮਿੱਤਰਾਂ ਵਿਚਾਲੇ ਹੋਈਆਂ ਗੱਲਬਾਤਾਂ ਨੂੰ ਯਾਦ ਕਰਦਾ ਦੱਸਦਾ ਹੈ ਕਿ ਚਾਚਾ ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਭਗਤ ਸਿੰਘ ਦੇ ਸਭ ਤੋਂ ਵੱਡੇ ਨਾਇਕ ਸਨ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਦੇ ਜੀਵਨ ਦੀ ਤੁਲਨਾ ਉਹ ਕੌਮੀ ਆਗੂਆਂ ਨਾਲ ਕਰਦਾ ਜੋ ਤੁੱਛ ਅਤੇ ਲੁਕਵੇਂ ਮੰਤਵਾਂ ਤਹਿਤ ਕੰਮ ਕਰਦੇ ਸਨ। ਉਨ੍ਹਾਂ ਦੇ ਦਾਦਾ ਅਰਜਨ ਸਿੰਘ ਵੀ ਦਿਲੋਂ ਵਤਨਪ੍ਰਸਤ ਸਨ। ਜਦੋਂ ਦੋਵਾਂ ਭਰਾਵਾਂ ਨੂੰ ਪਵਿੱਤਰ ਜਨੇਊ ਪਾਉਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੇ ਇਕੱਠੇ ਹੋਏ ਲੋਕਾਂ ਨੂੰ ਕਿਹਾ, "ਮੈਂ ਇਨ੍ਹਾਂ ਦੋਵਾਂ ਲੜਕਿਆਂ ਨੂੰ ਦੇਸ਼ ਦੀ ਸੇਵਾ ਲਈ ਤਿਆਰ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨਗੇ।" ਜਗਤ ਸਿੰਘ ਤਾਂ ਅਗਲੇ ਸਾਲ ਬਿਮਾਰ ਹੋ ਕੇ ਮੌਤ ਦੇ ਮੂੰਹ ਵਿੱਚ ਜਾ ਪਿਆ, ਪਰ ਭਗਤ ਸਿੰਘ ਦੇ ਮਾਮਲੇ ਵਿੱਚ 1931 ਵਿੱਚ ਇਹ ਗੱਲ ਸੱਚ ਸਾਬਤ ਹੋਈ ਜਦੋਂ ਲਾਹੌਰ ਸਾਜ਼ਿਸ਼ ਕੇਸ ਵਿੱਚ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਫ਼ਾਂਸੀ ਦੇ ਦਿੱਤੀ। ਇੱਕ ਕਿਤਾਬ ਦਾ ਪੰਜਾਬੀ ਅਨੁਵਾਦ ਹੁਣ ਛਪ ਕੇ ਆ ਰਿਹਾ ਹੈ। ਚੰਡੀਗੜ੍ਹ ਦੇ ਪ੍ਰਕਾਸ਼ਕ ਹਰੀਸ਼ ਜੈਨ ਨੇ ਦੱਸਿਆ ਕਿ ਇਹ ਸੰਸਕਰਨ ਸ਼ਹੀਦ ਦੇ ਬਚਪਨ ਬਾਰੇ ਸਭ ਤੋਂ ਜ਼ਿਆਦਾ ਸਿੱਕੇਬੰਦ ਜਾਣਕਾਰੀ ਭਰਪੂਰ ਹੋਵੇਗਾ। ਰਣਬੀਰ ਸਿੰਘ ਨੇ ਭਗਤ ਸਿੰਘ ਦੀ ਮੌਤ ਤੋਂ ਚਾਰ-ਪੰਜ ਸਾਲ ਮਗਰੋਂ ਹੀ ਸੰਬੰਧਿਤ ਸਮੱਗਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਸੀ, ਪਰ ਥੋੜ੍ਹੇ ਵਕਫ਼ੇ ਬਾਅਦ ਭਾਵ 1940 ਦੇ ਕਰੀਬ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਵਿੱਚ ਮੁਲਕ ਦੇ ਬਟਵਾਰੇ ਤੋਂ ਪਹਿਲਾਂ ਦੇ ਕੁਝ ਕਾਗਜ਼ਾਤ ਵੀ ਸ਼ਾਮਲ ਹਨ। ਹਾਲਾਂਕਿ, ਅਫ਼ਸੋਸ ਦੀ ਗੱਲ ਇਹ ਹੈ ਕਿ ਰਣਬੀਰ ਸਿੰਘ ਜ਼ਿਆਦਾ ਕਾਗਜ਼ ਆਪਣੇ ਕੋਲ ਨਹੀਂ ਕਰ ਸਕੇ। ਸਪਸ਼ਟ ਹੈ ਕਿ ਉਨ੍ਹਾਂ ਨੇ ਇਹ ਦਸਤਾਵੇਜ਼ ਮਿਲਣ ਆਉਂਦੇ ਲੋਕਾਂ ਨੂੰ ਦੇ ਦਿੱਤੇ ਤੇ ਇਹ ਕਾਗਜ਼ ਕਦੇ ਵਾਪਸ ਨਹੀਂ ਆਏ। ਰਣਬੀਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਜਨਰਲ ਸ਼ਿਓਨਨ ਨੇ ਕਦੇ ਵੀ ਭਗਤ ਸਿੰਘ ਦੀ ਵਿਰਾਸਤ ਨੂੰ ਭੁਨਾਉਣ ਦੀ ਲੋੜ ਮਹਿਸੂਸ ਨਹੀਂ ਕੀਤੀ। ਇਹ ਪੱਖ ਉਨ੍ਹਾਂ ਨੇ ਹੋਰ ਭੈਣਾਂ ਅਤੇ ਭਰਾਵਾਂ ਤੋਂ ਉਲਟ ਲਿਆ ਸੀ।


AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਜਾਨ ਅਬਰਾਹਮ ਦੀ ਅਗਲੀ ਫ਼ਿਲਮ ਵਿੱਚ ਨੋਰਾ ਅਤੇ ਮੌਨੀ ਦੀ ਐਂਟਰੀ



ਫਿਲਮਮੇਕਰ ਸਾਜਿਦ ਖਾਨ ਇੱਕ ਵਾਰ ਫਿਰ ਫਿਲਮਾਂ ਵਿੱਚ ਕਮਬੈਕ ਕਰ ਰਹੇ ਹਨ। 'ਹਮਸ਼ਕਲ' ਦੇ ਬਾਅਦ ਉਹ ਅੱਠ ਸਾਲਾਂ ਪਿੱਛੋਂ ਫਿਰ ਫਿਲਮ ਬਣਾਉਣ ਲੱਗੇ ਹਨ, ਪਰ ਇਸ ਦਾ ਨਾਂਅ ਹਾਲੇ ਤੈਅ ਨਹੀਂ ਕੀਤਾ। ਇਸ ਫਿਲਮ ਵਿੱਚ ਜਾਨ ਅਬਰਾਹਮ ਅਤੇ ਰਿਤੇਸ਼ ਦੇਸ਼ਮੁਖ ਲੀਡ ਰੋਲ ਵਿੱਚ ਹੈ। ਰਿਪੋਰਟ ਮੁਤਾਬਕ ਇਸ ਫਿਲਮ ਵਿੱਚ ਨੋਰਾ ਫਤੇਹੀ ਤੇ ਮੌਨੀ ਰਾਏ ਦੀ ਐਂਟਰੀ ਹੋ ਗਈ ਹੈ। ਜਾਨ ਦੇ ਨਾਲ ਮੌਨੀ ਅਤੇ ਰਿਤੇਸ਼ ਨਾਲ ਨੋਰਾ ਰੋਮਾਂਸ ਕਰਦੀ ਨਜ਼ਰ ਆਏਗੀ। ਇਹ ਇੱਕ ਕਾਮੇਡੀ ਰੋਮਾਂਟਿਕ ਫਿਰ ਹੋਵੇਗੀ, ਜਿਸ ਨੂੰ ਅਮਰ ਬਤੂਲਾ ਡਾਇਰੈਕਟ ਕਰਨਗੇ। ਸਾਜਿਦ ਇਸ ਫਿਲਮ ਦੀ ਸ਼ੂਟਿੰਗ ਅਗਸਤ ਤੋਂ ਸ਼ੁਰੂ ਕਰਨਗੇ। ਪਹਿਲਾਂ ਭਾਰਤ ਅਤੇ ਫਿਰ 55 ਦਿਨ ਇਸ ਫਿਲਮ ਦੀ ਸ਼ੂਟਿੰਗ ਲੰਡਨ ਵਿੱਚ ਹੋਵੇਗੀ। ਜਾਨ ਆਪਣੇ ਕੁਝ ਪ੍ਰੋਜੈਕਟ ਨਿਬੇੜਨ ਦੇ ਬਾਅਦ 'ਤਹਿਰਾਨ' ਉੱਤੇ ਜੁਟਣਗੇ ਅਤੇ ਉਸ ਦੇ ਬਾਅਦ ਇਸ ਫਿਲਮ ਲਈ ਸ਼ੂਟਿੰਗ ਕਰਨਗੇ। ਜਾਨ ਤੇ ਨੋਰਾ ਦਾ ਕਨੈਕਸ਼ਨ ਪੁਰਾਣਾ ਹੁੰਦਾ ਜਾ ਰਿਹਾ ਹੈ। ਜਾਨ ਦੀਆਂ ਫਿਲਮਾਂ ਵਿੱਚ ਨੋਰਾ ਦਾ ਡਾਂਸ ਨੰਬਰ ਹੁੰਦਾ ਹੈ। ਹਾਲ ਹੀ ਵਿੱਚ ਨੋਰਾ ਨੇ ਜਾਨ ਦੀ 'ਸਤਯਮੇਵ ਜਯਤ 2' ਵਿੱਚ ਵੀ ਇੱਕ ਹਿੱਟ ਡਾਂਸ ਨੰਬਰ ਦਿੱਤਾ ਸੀ।

# ਅਗਲੇ ਸਾਲ ਤੱਕ ਸ਼ੁਰੂ ਹੋਵੇਗੀ ਫਿਲਮ 'ਦਰੋਪਦੀ' ਦੀ ਸ਼ੂਟਿੰਗ



ਫਿਲਮ ਮੇਕਰ ਮਧੂ ਮੰਟੇਨਾ ਤੇ ਦੀਪਿਕ ਪਾਦੁਕੋਣ ਦੇ ਪ੍ਰੋਡਕਸ਼ਨ ਹੇਠ ਬਣ ਰਹੀ ਫਿਲਮ 'ਦਰੋਪਦੀ' ਇੱਕ ਨਾਵਲ 'ਦ ਪੈਲਸ ਆਫ ਇਲੁਸ਼ਨਸ' ਉੱਤੇ ਆਧਾਰਤ ਹੈ, ਜਿਸ ਵਿੱਚ ਮਹਾਭਾਰਤ ਦੀ ਕਹਾਣੀ ਦਰੋਪਦੀ ਦੇ ਨਜ਼ਰੀਏ ਤੋਂ ਲੋਕਾਂ ਸਾਹਮਣੇ ਰੱਖੀ ਜਾਵੇਗੀ। ਦੀਪਿਕਾ ਨੇ ਫਿਲਮ ਦੇ ਬਾਰੇ ਤਾਜ਼ਾ ਜਾਣਕਾਰੀ ਦਿੱਤੀ ਤੇ ਕਿਹਾ, 'ਦਰੋਪਦੀ' ਬਣ ਰਹੀ ਹੈ। ਇਸ ਦਾ ਪ੍ਰੀ-ਪ੍ਰੋਡਕਸ਼ਨ ਦਾ ਕੰਮ ਚੱਲ ਰਿਹਾ ਹੈ, ਜੋ ਬਹੁਤ ਜ਼ਿਆਦਾ ਹੈ। ਹੋ ਸਕਦਾ ਹੈ ਕਿ ਅਗਲੇ ਸਾਲ ਸ਼ੂਟਿੰਗ ਸ਼ੁਰੂ ਹੋਵੇ। ਇਸ ਫਿਲਮ ਵਿੱਚ ਦੀਪਿਕਾ, ਦਰੋਪਦੀ ਦੇ ਕਿਰਦਾਰ ਵਿੱਚ ਨਜ਼ਰ ਆਏਗੀ। ਫਿਲਮ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਕਿਰਦਾਰ ਲਈ ਰਿਤਿਕ ਰੋਸ਼ਨ ਦੇ ਨਾਂਅ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ। ਵਰਕ ਫਰੰਟ ਉੱਤੇ ਦੀਪਿਕਾ ਫਿਲਹਾਲ 'ਪਠਾਨ' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਇਸ ਦੇ ਨਾਲ ਉਹ ਰਿਤਿਕ ਰੋਸ਼ਨ ਦੀ ਫਿਲਮ 'ਫਾਈਟਰ' ਅਤੇ ਪ੍ਰਭਾਸ ਦੇ ਨਾਲ ਨਾਗ ਅਸ਼ਵਿਨ ਦੀ ਫਿਲਮ ਵਿੱਚ ਵੀ ਨਜ਼ਰ ਆਏਗੀ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



After 17 Years, On Huge Public Demand A & S Meat are Back






Premium Quality Chicken @ Wholesale Price

These Prices Available with Coupon

| | | | |
|---|---|---|---|
| Whole Chicken | $3.99/LBS | Chicken Drumsticks | $1.99/LBS |
| Chicken Breast | $4.99/LBS | Chicken Pickle | $7.99/LBS |
| Lamb Pickle | $9.99/LBS | Meat Pickle on Special Price | |

BBQ Legs & Thighs
Jamaican Jerk Legs
Tandoori Chicken
BBQ Chicken Wings
Fresh Local Goat Meat
Goat Meat & Farm Eggs

Try Our Home Made Punjabi Style Chicken Burger (New Item)

604-599-7345
#105A - 12827 76 Ave, Surrey



Arvinder Karan



TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.



# ਸਲਮਾਨ ਖਾਨ ਵੱਲੋਂ ਚਿਰੰਜੀਵੀ ਨਾਲ 'ਗੌਡਫਾਦਰ' ਦੀ ਸ਼ੂਟਿੰਗ ਸ਼ੁਰੂ

ਮੁੰਬਈ-ਬੌਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਨੇ ਆਪਣੀ ਨਵੀਂ ਤੇਲਗੂ ਫ਼ਿਲਮ 'ਗੌਡਫਾਦਰ' ਦੀ ਸ਼ੂਟਿੰਗ ਆਰੰਭ ਦਿੱਤੀ ਹੈ। ਇਸ ਫ਼ਿਲਮ ਵਿੱਚ ਮੁੱਖ ਭੂਮਿਕਾ ਅਦਾਕਾਰ ਚਿਰੰਜੀਵੀ ਨਿਭਾਅ ਰਿਹਾ ਹੈ। ਇਹ ਫਿਲਮ ਅਦਾਕਾਰ ਪ੍ਰਿਥਵੀਰਾਜ ਸੁਕੁਮਾਰਨ ਵੱਲੋਂ ਨਿਰਦੇਸ਼ਿਤ ਮਲਿਆਲਮ ਫ਼ਿਲਮ 'ਲੂਸੀਫਰ' ਦਾ ਰੀਮੇਕ ਹੈ, ਜਿਸ ਵਿੱਚ ਮੋਹਨਲਾਲ ਨੇ ਮੁੱਖ ਭੂਮਿਕਾ ਨਿਭਾਈ ਸੀ। 'ਗੌਡਫਾਦਰ' ਸਲਮਾਨ ਦੀ ਪਹਿਲੀ ਤੇਲਗੂ ਫ਼ਿਲਮ ਹੈ। ਚਿਰੰਜੀਵੀ ਨੇ ਫ਼ਿਲਮ ਦੇ ਸੈੱਟ ਤੋਂ ਆਪਣੇ ਟਵਿੱਟਰ 'ਤੇ ਸਲਮਾਨ ਖ਼ਾਨ ਨਾਲ ਆਪਣੀ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਨਾਲ ਚਿਰੰਜੀਵੀ ਨੇ ਲਿਖਿਆ, 'ਗੌਡਫਾਦਰ ਵਿੱਚ ਸ਼ਾਮਲ ਹੋਣ ਮੌਕੇ ਤੁਹਾਡਾ ਸਵਾਗਤ ਹੈ ਭਾਈ... ਤੁਹਾਡੇ ਆਉਣ ਨਾਲ ਸਾਰਿਆਂ ਵਿੱਚ ਨਵੀਂ ਜਾਨ ਪੈ ਗਈ ਹੈ ਅਤੇ ਸਾਰਿਆਂ ਦੀ ਉਤਸੁਕਤਾ ਵੀ ਵਧ ਗਈ ਹੈ। ਤੁਹਾਡੇ ਨਾਲ ਸਕਰੀਨ ਸਾਂਝੀ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ। ਤੁਹਾਡੀ ਆਮਦ ਦਰਸ਼ਕਾਂ ਨੂੰ ਜਾਦੂਈ ਖੁਸ਼ੀ ਦੇਵੇਗੀ।' ਜ਼ਿਕਰਯੋਗ ਹੈ ਕਿ ਇਸ ਫ਼ਿਲਮ ਵਿੱਚ ਨਯਨਤਾਰਾ ਤੇ ਸੱਤਿਆਦੇਵ ਕੰਚਾਰਾਣਾ ਵੀ ਹਨ।







# ਨੋਰਾ ਵਰਗੀ ਨੱਚਣ ਦੀ ਕਲਾ ਕਿਸੇ ਕੋਲ ਨਹੀਂ-ਪਰਿਨੀਤੀ ਚੋਪੜਾ

ਮੁੰਬਈ-ਬੌਲੀਵੁੱਡ ਅਦਾਕਾਰਾ ਪਰਿਨੀਤੀ ਚੋਪੜਾ ਨੇ ਅੱਜ ਅਦਾਕਾਰਾ, ਡਾਂਸਰ ਤੇ ਮਾਡਲ ਨੋਰਾ ਫਤੇਹੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਹਨ। ਨੋਰਾ ਪ੍ਰੋਗਰਾਮ 'ਹੁਨਰਬਾਜ਼ ਦੇਸ਼ ਕੀ ਸ਼ਾਨ' ਵਿੱਚ ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਲ ਹੋ ਰਹੀ ਹੈ। ਪਰਿਨੀਤੀ ਨੇ ਆਖਿਆ,"ਸਿਨੇ ਜਗਤ ਵਿੱਚ ਅਜਿਹਾ ਅਦਾਕਾਰ ਜਾਂ ਕੋਰੀਓਗ੍ਰਾਫਰ ਨਹੀਂ ਹੈ ਜਿਹੜਾ ਨੋਰਾ ਵਾਂਗ ਡਾਂਸ ਕਰ ਸਕਦਾ ਹੋਵੇ।" ਜਾਣਕਾਰੀ ਅਨੁਸਾਰ ਨੋਰਾ ਹਿੰਦੀ, ਤੇਲਗੂ, ਮਲਿਆਲਮ ਅਤੇ ਤਾਮਿਲ ਫ਼ਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਉਸ ਨੇ 'ਟੈਂਪਰ', 'ਬਾਹੂਬਲੀ: ਦਿ ਬਿਗਨਿੰਗ' ਅਤੇ 'ਕਿੱਕ 2' ਵਰਗੀਆਂ ਫ਼ਿਲਮਾਂ ਵਿੱਚ ਆਈਟਮ ਨੰਬਰ ਕਰ ਕੇ ਪ੍ਰਸਿੱਧੀ ਹਾਸਲ ਕੀਤੀ ਹੈ। ਪਰਿਨੀਤੀ ਦਾ ਕਹਿਣਾ ਹੈ ਕਿ ਨੋਰਾ ਕੋਲ ਨੱਚਣ ਦਾ ਕਮਾਲ ਦਾ ਹੁਨਰ ਹੈ ਅਤੇ ਦੇਖਣ ਵਾਲੇ ਨੂੰ ਉਸ ਦੀਆਂ ਅਦਾਵਾਂ ਕੀਲ ਲੈਂਦੀਆਂ ਹਨ। ਪਰਿਨੀਤੀ ਨੇ ਆਖਿਆ,"ਇਥੇ ਇਕ ਤੋਂ ਇਕ ਸ਼ਾਨਦਾਰ ਡਾਂਸਰ ਹੈ ਪਰ ਮੇਰੇ ਖ਼ਿਆਲ 'ਚ ਨੋਰਾ ਵਰਗੀ ਕਲਾ ਕਿਸੇ ਕੋਲ ਨਹੀਂ ਹੈ।" ਦੱਸਣਯੋਗ ਹੈ ਕਿ 'ਹੁਨਰਬਾਜ਼-ਦੇਸ਼ ਕੀ ਸ਼ਾਨ' ਪ੍ਰੋਗਰਾਮ ਵਿੱਚ ਕਿ ਮਿਥੁਨ ਚੱਕਰਵਰਤੀ, ਕਰਨ ਜੌਹਰ ਅਤੇ ਪਰਿਨੀਤੀ ਚੋਪੜਾ ਜੱਜ ਹਨ ਤੇ ਇਹ ਪ੍ਰੋਗਰਾਮ ਕਲਰਜ਼ ਚੈਨਲ 'ਤੇ ਪ੍ਰਸਾਰਿਤ ਹੁੰਦਾ ਹੈ।

MORTGAGE

If you are paying more than

1.75%*

5 YEARS VARIABLE RATE

*Conditions Apply. Rates subject to change without notice. It is for the Principal house.

Call us NOW to Lower your Rate!

GET CASH BACK UP TO $3000*

Superior Mortgage

Unit 244-8138-128 Street, Surrey

604 507 1000

Our Symbol of Care & Service



Manulife Reduced 13% Term Rates For Limited Time

www.KaliaFinancial.com

Kalia Insurance and Financial Services

Sudesh K. Kalia 604.728.6740 KFinancial@shaw.ca

Individual & Business Life Disability, Critical & Long Care Term Insurance, Supervisa Medical Insurance




ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604-808-9805

Email:safety@transourcefreightways.com


Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Extra Extra Super Special
Rajan MANGOES
(Haden) 4 kg
ਰਾਜਨ ਹੇਡਨ ਅੰਬ
$13.99 BOX
*Number of pieces depends on the weight
Reg. Large Eggplant
ਵੱਡੇ ਬਤਾਊਂ
99¢ ea.
Broccoli Crown
ਬਰੌਕਲੀ ਕਰਾਊਨ
$1.49 lb
Fresh Ginger
ਤਾਜ਼ਾ ਅਦਰਕ
$1.48 lb
Black Chana
ਚਨਾ ਦਾਲ
88¢ lb
Chickpeas
ਚਿੱਟੇ ਛੋਲੇ
88¢ lb
Extra Super Super Special
Royal Basmati Rice 10 lbs
ਰੋਏਲ ਬਾਸਮਤੀ ਚੌਲ
$9.98 bag
Extra Super Super Special
Round Tomatoes
ਗੋਲ ਟਮਾਟਰ
79¢ lb
Super Special
Indian Eggplants
ਦੇਸੀ ਬਤਾਊਂ
99¢ lb
Super Special
Spinach
ਪਾਲਕ
99¢ bunch
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.99 lb
Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Super Special
Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$4.48 pkg.
Super Special
Yellow Onions 50 lbs
ਪੀਲੇ ਗੰਢੇ
$15.99 bag
Cilantro
ਧਣੀਆ
2 bunches for 98¢
Fresh Garlic
ਤਾਜ਼ਾ ਲਸਣ
$1.49 lb
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
88¢ lb
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Rapini (Sarson da Saag)
ਸਰਸੋਂ ਦਾ ਸਾਗ
$2.69 bunch
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Chana Dal
ਚਨੇ ਦੀ ਦਾਲ
88¢ lb
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.
Product images may differ from the actual product.
Thur Mar 17, 2022 - Wed Mar 23, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 8 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520